World Punjabi News Network
WORLD PUNJABI ਪੰਜਾਬੀ | پنجابی NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews
INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS
NATIONAL WORLD EDUCATION SPORTS SCIENCE & TECHNOLOGY ENTERTAINMENT HEALTH & ENVIRONMENT HISTORY & CULTURE POLITICS LIFESTYLE LITERARY BUSINESS

# ਕੌਮਾਂਤਰੀ ਪੱਧਰ ’ਤੇ ਵੈਕਸੀਨ ਖਰੀਦੇਗਾ ਪੰਜਾਬ

## ਗਰੀਬ ਕਰੋਨਾ ਮਰੀਜ਼ਾਂ ਨੂੰ ਘਰਾਂ ’ਚ ਮਿਲੇਗਾ ਪੱਕਿਆ ਪਕਾਇਆ ਖਾਣਾ




**ਚੰਡੀਗੜ੍ਹ।** ਪੰਜਾਬ ਸਰਕਾਰ ਨੇ ਕੋਵਿਡ-19 ਕੇਸਾਂ ਦੀ ਵਧਦੀ ਗਿਣਤੀ ਦਰਮਿਆਨ ਕੌਮਾਂਤਰੀ ਪੱਧਰ ’ਤੇ ਕਰੋਨਾ ਵੈਕਸੀਨ ਖਰੀਦਣ, ਕਰੋਨਾ ਪੀੜਤ ਗਰੀਬ ਮਰੀਜ਼ਾਂ ਨੂੰ ਪੱਕਿਆ ਪਕਾਇਆ ਖਾਣਾ ਮੁਫ਼ਤ ਵਿੱਚ ਮੁਹੱਈਆ ਕਰਵਾਉਣ ਤੇ ਸਾਰੇ ਪੰਜੀਕ੍ਰਿਤ ਉਸਾਰੀ ਕਾਮਿਆਂ ਨੂੰ ਤਿੰਨ-ਤਿੰਨ ਹਜ਼ਾਰ ਰੁਪਏ ਭੱਤਾ ਗੁਜ਼ਾਰਾ ਭੱਤਾ ਦੇਣ ਸਮੇਤ ਹੋਰ ਕਈ ਅਹਿਮ ਫੈਸਲੇ ਕੀਤੇ ਹਨ। ਇਹ ਸਾਰੇ ਫੈਸਲੇ ਅੱਜ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਹੋਈ ਕੈਬਨਿਟ ਮੀਟਿੰਗ ’ਚ ਲਏ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਗਰੀਬ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਕੋਵਿਡ ਮਰੀਜ਼ ਹੈਲਪਲਾਈਨ ਨੰਬਰਾਂ 181 ਤੇ 112 ’ਤੇ ਫੋਨ ਕਰਕੇ ਪੱਕਿਆ ਪਕਾਇਆ ਖਾਣਾ ਆਪਣੇ ਘਰਾਂ ਵਿੱਚ ਹੀ ਮੰਗਵਾ ਸਕਣਗੇ। ਪੰਜਾਬ ਦਾ ਪੁਲੀਸ ਵਿਭਾਗ ਇਸ ਕੰਮ ਵਿੱਚ ਪੂਰੀ ਮਦਦ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਵਿੱਚ ਕਿਸੇ ਨੂੰ ਵੀ ਭੁੱਖਾ ਨਹੀਂ ਸੌਣ ਦੇਣਗੇ। ਸੂਬੇ ਦੇ ਪੁਲੀਸ ਮੁਖੀ ਦਿਨਕਰ ਗੁਪਤਾ ਨੇ ਕਿਹਾ ਕਿ ਵਿਭਾਗ ਵੱਲੋਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਲੰਗਰ ਤਿਆਰ ਕਰਨ ਵਾਲੇ ਲੋਕਾਂ ਤੇ ਡਲਿਵਰੀ ਏਜੰਟਾਂ ਨਾਲ ਸੰਪਰਕ ਸਾਧਿਆ ਜਾ ਰਿਹਾ ਹੈ।

ਵਜ਼ਾਰਤੀ ਮੀਟਿੰਗ ਵਿੱਚ ਕਰੋਨਾ ਤੋਂ ਬਚਾਅ ਲਈ ਸੂਬੇ ਵਿੱਚ ਵੈਕਸੀਨ ਦੀ ਢੁੱਕਵੀਂ ਕੀਮਤ ’ਤੇ ਖਰੀਦ ਕਰਨ ਲਈ ਕੌਮਾਂਤਰੀ ਪੱਧਰ ’ਤੇ ‘ਕੋਵੈਕਸ’ ਸੰਸਥਾਨ ਨਾਲ ਜੁੜਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਲੈਣ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਪੰਜਾਬ ਵਜ਼ਾਰਤ ਨੇ ਸਨਅਤੀ ਕਾਮਿਆਂ ਲਈ ‘ਕੋਵੈਕਸੀਨ’ ਦੀ ਖਰੀਦ ਸਮੇਤ ਸਿਹਤ ਵਿਭਾਗ ਵਿੱਚ 250 ਮੈਡੀਕਲ ਅਫਸਰਾਂ ਦੀ ਐਮਰਜੈਂਸੀ ਭਰਤੀ ਤੇ 18-44 ਉਮਰ ਵਰਗ ਦੇ ਸਿਹਤ ਕਰਮਚਾਰੀਆਂ ਅਤੇ ਸਹਿ-ਰੋਗਾਂ ਤੋਂ ਪੀੜਤਾਂ ਦੇ ਪਰਿਵਾਰਾਂ ਲਈ ਸ਼ੁੱਕਰਵਾਰ ਤੋਂ ਟੀਕਾਕਰਨ ਸ਼ੁਰੂ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਹੋਰਨਾਂ ਵਜ਼ਾਰਤੀ ਫੈਸਲਿਆਂ ਵਿੱਚ 152.56 ਕਰੋੜ ਰੁਪਏ ਦੀ ਲਾਗਤ ਨਾਲ ਹਸਪਤਾਲ ਨਾਲ ਜੁੜਿਆ ਸਾਜ਼ੋ ਸਮਾਨ ਤੇ ਖਪਤਯੋਗ ਵਸਤਾਂ ਖਰੀਦਣਾ ਵੀ ਸ਼ਾਮਲ ਹੈ। ਮੰਤਰੀ ਮੰਡਲ ਨੇ ਜੇਲ੍ਹ ਨੇਮਾਵਲੀ ਨੂੰ ਤਬਦੀਲ ਕਰਨ ਦੀ ਪ੍ਰਵਾਨਗੀ ਦਿੰਦਿਆਂ ਸੁਰੱਖਿਆ ਦੇ ਨਵੇਂ ਮਾਪਦੰਡ ਅਤੇ ਭਲਾਈ ਦੇ ਉਪਾਅ ਪੇਸ਼ ਕੀਤੇ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਏ ਗਏ ਫੈਸਲੇ ਮੁਤਾ-ਬਕ ਉਦਯੋਗਿਕ ਕਾਮਿਆਂ ਲਈ ‘ਕੋਵੈਕਸਿਨ’ ਖਰੀਦਣ ਦੇ ਫੈਸਲੇ ਨੂੰ ਵੀ ਮਨਜ਼ੂਰੀ ਦਿੱਤੀ ਗਈ। ਉਂਜ ਇਨ੍ਹਾਂ ਕਾਮਿਆਂ ਦੇ ਟੀਕਾਕਰਨ ਦਾ ਖਰਚਾ ਚੁੱਕਣ ਲਈ ਉਦਯੋਗ ਜਗਤ ਨੇ ਹਾਮੀ ਭਰੀ ਹੈ। ਸੂਬਾ ਸਰਕਾਰ ਨੇ ਅਜੇ ਤੱਕ 18-44 ਉਮਰ ਵਰਗ ਲਈ ਸਿਰਫ ਕੋਵੀਸ਼ੀਲਡ ਟੀਕੇ ਦਾ ਹੀ ਆਰਡਰ ਦਿੱਤਾ ਹੈ, ਪਰ ਮੌਜੂਦਾ ਫੈਸਲੇ ਨਾਲ ‘ਕੋਵੈਕਸਿਨ’ ਦੇ ਆਰਡਰ ਦੇਣ ਦਾ ਰਾਹ ਵੀ ਪੱਧਰਾ ਹੋ ਗਿਆ ਹੈ। ਸੂਬੇ ਵਿਚ ਟੀਕਾਕਰਨ ਦੀ ਮੌਜੂਦਾ ਸਥਿਤੀ ਤੇ ਉਪਲਬੱਧਤਾ ਦੀ ਸਮੀਖਿਆ ਕਰਦੇ ਹੋਏ ਮੰਤਰੀ ਮੰਡਲ ਨੇ ਕਿਹਾ ਕਿ ਇਸ ਟੀਕੇ ਦਾ ਆਲਮੀ ਪੱਧਰ ਉੱਤੇ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਸੀ। ‘ਕੋਵੈਕਸ’ ਨਾਲ ਜੁੜਨ ਦਾ ਸੁਝਾਅ ਡਾ. ਗਗਨਦੀਪ ਕੰਗ ਨੇ ਦਿੱਤਾ, ਜੋ ਟੀਕਾਕਰਨ ਸਬੰਧੀ ਪੰਜਾਬ ਦੇ ਮਾਹਿਰਾਂ ਦੇ ਸਮੂਹ ਦੀ ਮੁਖੀ ਹਨ। ਸਿਹਤ ਸਕੱਤਰ ਹੁਸਨ ਲਾਲ ਨੇ ਮੰਤਰੀ ਮੰਡਲ ਨੂੰ ਦੱਸਿਆ ਕਿ ਸਰਕਾਰ ਵੱਲੋਂ ਆਰਡਰ ਕੀਤੀਆਂ ਗਈਆਂ ਕੋਵੀਸ਼ੀਲਡ ਦੀਆਂ 30 ਲੱਖ ਖੁਰਾਕਾਂ ਵਿਚੋਂ ਭਾਰਤੀ ਸੀਰਮ ਇੰਸਟੀਚਿਊਟ ਨੇ ਅਜੇ ਤੱਕ 4.29 ਲੱਖ ਦੀ ਹੀ ਪੁਸ਼ਟੀ ਕੀਤੀ ਹੈ, ਜਿਨ੍ਹਾਂ ਵਿਚੋਂ 1 ਲੱਖ ਖੁਰਾਕਾਂ ਸੂਬੇ ਨੂੰ ਮਿਲ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ 45 ਸਾਲ ਤੋਂ ਵੱਧ ਉਮਰ ਵਰਗ ਲਈ ਕੋਵੀਸ਼ੀਲਡ ਵੈਕਸੀਨ ਦੀਆਂ 1,63,710 ਖੁਰਾਕਾਂ ਦੀ ਆਖਰੀ ਖੇਪ 9 ਮਈ ਨੂੰ ਪਹੁੰਚੀ ਸੀ ਜਿਸ ਦੀ ਕੁੱਲ ਗਿਣਤੀ 42,48,560 ਹੈ।

ਇੱਕ ਹੋਰ ਫੈਸਲੇ ਮੁਤਾਬਕ ਸਰਕਾਰੀ ਅਤੇ ਪ੍ਰਾਈਵੇਟ ਦੋਵੇਂ ਖੇਤਰਾਂ ਵਿੱਚ 18-44 ਉਮਰ ਸਮੂਹ ਦੇ ਸਿਹਤ ਕਰਮਚਾਰੀਆਂ ਦੇ ਪਰਿਵਾਰਾਂ ਅਤੇ ਸਹਿ-ਰੋਗਾਂ ਤੋਂ ਪੀੜਤ ਪਰਿਵਾਰਾਂ ਲਈ ਸ਼ੁੱਕਰਵਾਰ ਤੋਂ ਟੀਕਾਕਰਨ ਸ਼ੁਰੂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਸਿਹਤ ਵਿਭਾਗ ਨੂੰ ਸੂਬੇ ਵਿੱਚ ਕੋਵਿਡ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦਿਆਂ 18-44 ਉਮਰ ਸਮੂਹ ਦੇ ਸਹਿ-ਰੋਗੀਆਂ ਨੂੰ ਟੀਕੇ ਲਗਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਕੈਬਨਿਟ ਮੀਟਿੰਗ ’ਚ ਵਿਸ਼ੇਸ਼ ਇਨਵਾਇਟੀ ਵਜੋਂ ਸ਼ਾਮਲ ਡਾ. ਗਗਨਦੀਪ ਕੰਗ ਨੇ ਕੋਵੀਸ਼ੀਲਡ ਦੀ ਸਮਰੱਥਾ ਅਤੇ ਉਪਲੱਬਧਤਾ ਦੇ ਮੱਦੇਨਜ਼ਰ ਇਸ ਦੀ ਵਿਆਪਕ ਵਰਤੋਂ ਦਾ ਸੁਝਾਅ ਦਿੱਤਾ।

ਪੰਜਾਬ ਮੰਤਰੀ ਮੰਡਲ ਨੇ ਜੇਲ੍ਹ ਐਕਟ, 1894 ਤਹਿਤ ਪੰਜਾਬ ਜੇਲ੍ਹ ਨਿਯਮਾਂ, 2021 ਨੂੰ ਪ੍ਰਵਾਨਗੀ ਦੇ ਦਿੱਤੀ ਅਤੇ ਇਹ ਨਿਯਮ ਵੇਲਾ ਵਿਹਾਅ ਚੁੱਕੀ ਜੇਲ੍ਹ ਨੇਮਾਵਲੀ ਦੀ ਥਾਂ ਲੈਣਗੇ। ਪੰਜਾਬ ਜੇਲ੍ਹ ਮੈਨੂਅਲ, 1996 ਵਿੱਚ ਮੁੱਖ ਤੌਰ ’ਤੇ ਕੈਦੀਆਂ ਦੀ ਸੁਰੱਖਿਆ ਅਤੇ ਸੁਰੱਖਿਅਤ ਹਿਰਾਸਤ ਉੱਤੇ ਵਧੇਰੇ ਧਿਆਨ ਦਿੱਤਾ ਗਿਆ ਸੀ। ਨਵੇਂ ਤਿਆਰ ਕੀਤੇ ਪੰਜਾਬ ਜੇਲ੍ਹ ਨਿਯਮ, 2021 ਵਿਚ ਨਾ ਸਿਰਫ਼ ਕੈਦੀਆਂ ਦੀ ਸੁਰੱਖਿਆ ਅਤੇ ਸੁਰੱਖਿਅਤ ਹਿਰਾਸਤ ਸਗੋਂ ਹੋਰ ਪਹਿਲੂਆਂ ਜਿਵੇਂ ਭਲਾਈ, ਸੁਧਾਰ ਅਤੇ ਦੇਖਭਾਲ ਉੱਤੇ ਵੀ ਜ਼ੋਰ ਦਿੱਤਾ ਗਿਆ ਹੈ।

# ਜਲੰਧਰ ਵਿੱਚ ਕਰੋਨਾ ਵੈਕਸੀਨ ਖ਼ਤਮ

## ਸਿਵਲ ਹਸਪਤਾਲ ਦੇ ਟੀਕਾਕਰਨ ਕੇਂਦਰ ਨੂੰ ਲੱਗਿਆ ਤਾਲਾ; ਲੋਕ ਪ੍ਰੇਸ਼ਾਨ

**ਜਲੰਧਰ।** ਕਰੋਨਾਵਾਇਰਸ ਦੀ ਰੋਕਥਾਮ ਲਈ ਲੱਗਣ ਵਾਲੀ ਵੈਕਸੀਨ ਖਤਮ ਹੋਣ ਕਾਰਨ ਅੱਜ ਇਥੋਂ ਦੇ ਸਿਵਲ ਹਸਪਤਾਲ ਦੇ ਟੀਕਾਕਰਨ ਕੇਂਦਰ ਨੂੰ ਤਾਲਾ ਲਗਾਉਣ ਲਈ ਮਜ਼ਬੂਰ ਹੋਣਾ ਪਿਆ। ਸਿਹਤ ਵਿਭਾਗ ਦਾ ਕਹਿਣਾ ਸੀ ਕਿ ਵੈਕਸੀਨ ਦੇ ਟੀਕੇ ਖਤਮ ਹੋ ਜਾਣ ਨਾਲ ਅਜਿਹੀ ਸਥਿਤੀ ਪੈਦਾ ਹੋਈ ਹੈ। ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜਲੰਧਰ ਵਿੱਚ ਜਿੰਨੀ ਵੈਕਸੀਨ ਦੀ ਲੋੜ ਪੈਂਦੀ ਹੈ, ਉਸ ਮਾਤਰਾ ਵਿੱਚ ਦਵਾਈ ਮਿਲ ਨਹੀਂ ਰਹੀ। ਇੱਕ ਪਾਸੇ ਪੰਜਾਬ ਤੇ ਕੇਂਦਰ ਸਰਕਾਰ ਦਾ ਸਾਰਾ ਜ਼ੋਰ ਵੈਕਸੀਨ ਲਗਾਉਣ ਲਈ ਕੀਤੇ ਜਾ ਰਹੇ ਪ੍ਰਚਾਰ ’ਤੇ ਲੱਗਾ ਹੋਇਆ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਜਿਹੜੇ ਲੋਕ ਵੈਕਸੀਨ ਲਗਾਉਣ ਲਈ ਸਿਵਲ ਹਸਪਤਾਲ ਪਹੁੰਚੇ ਸਨ, ਉਨ੍ਹਾਂ ਨੂੰ ਨਿਰਾਸ਼ ਹੋ ਕੇ ਮੁੜਨਾ ਪਿਆ ਹੈ। ਵੈਕਸੀਨ ਖਤਮ ਹੋ ਜਾਣ ਕਾਰਨ ਇਥੋਂ ਦੇ ਵੈਕਸੀਨੇਸ਼ਨ ਕੇਂਦਰ ਨੂੰ ਵੀ ਤਾਲਾ ਲਗਾ ਦਿੱਤਾ ਗਿਆ ਹੈ। ਸਿਹਤ ਵਿਭਾਗ ਨੇ ਲਿਖਤੀ ਸੂਚਨਾ ਲਗਾ ਦਿੱਤੀ ਹੈ ਕਿ




ਵੈਕਸੀਨ ਖਤਮ ਹੋ ਜਾਣ ਕਾਰਨ ਵੈਕਸੀਨ ਲਾਉਣ ਦਾ ਕੰਮ ਬੰਦ ਰਹੇਗਾ। ਟੀਕਾ ਲਗਾਉਣ ਆਏ ਰਾਜਿੰਦਰ ਕੁਮਾਰ ਦਾ ਕਹਿਣਾ ਸੀ ਕਿ ਉਸ ਨੇ ਤਾਂ ਬਕਾਇਦਾ ਆਨਲਾਈਨ ਰਜਿਸ਼ਟ੍ਰੇਸ਼ਨ ਵੀ ਕਰਵਾਈ ਹੋਈ ਹੈ ਪਰ ਅੱਜ ਵੈਕਸੀਨ ਹੀ ਮੁੱਕ ਗਈ ਹੈ। ਕੇਂਦਰ ਸਰਕਾਰ ਨੇ 18 ਤੋਂ 45 ਸਾਲ ਦੀ ਉਮਰ ਵਾਲਿਆਂ ਨੂੰ ਰਜਿਸ਼ਟ੍ਰੇਸ਼ਨ ਕਰਵਾਉਣ ਲਈ ਪ੍ਰਚਾਰ ਤੇਜ਼ ਕੀਤਾ ਹੋਇਆ ਹੈ ਤੇ ਦੂਜੀ ਲਹਿਰ ਦੇ ਵਧ ਰਹੇ ਕਹਿਰ ਦੇ ਡਰ ਕਾਰਨ ਵੀ ਲੋਕਾਂ ਵਿੱਚ ਵੈਕਸੀਨ ਲਗਾਉਣ ਦੀ ਕਾਹਲ ਦਿਖਾਈ ਦੇ ਰਹੀ ਹੈ। ਰੋਜ਼ਾਨਾ 10 ਹਜ਼ਾਰ ਟੀਕੇ ਲਗਾਉਣ ਦੀ ਸਮਰੱਥਾ: ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਜਿੰਨੀ ਵੈਕਸੀਨ ਮੰਗੀ ਜਾਂਦੀ ਹੈ, ਉਸ ਤੋਂ ਸਿਰਫ ਤੀਜਾ ਹਿੱਸਾ ਹੀ ਵੈਕਸੀਨ ਮਿਲਦੀ ਹੈ। ਹਰ ਤੀਜੇ ਦਿਨ 15 ਤੋਂ 16 ਹਜ਼ਾਰ ਟੀਕੇ ਹੀ ਮਿਲਦੇ ਹਨ ਜਦਕਿ ਜਲੰਧਰ ਵਿੱਚ 10 ਹਜ਼ਾਰ ਰੋਜ਼ਾਨਾ ਟੀਕੇ ਲਗਾਉਣ ਦੀ ਸਮਰੱਥਾ ਹੈ। ਉਨ੍ਹਾਂ ਮੰਗ ਕੀਤੀ ਕਿ ਵੈਕਸੀਨ ਦਾ ਕੋਟਾ ਵਧਾਇਆ ਜਾਵੇ ਤਾਂ ਜੋ ਤੇਜ਼ੀ ਨਾਲ ਲੋਕਾਂ ਨੂੰ ਟੀਕੇ ਲਗਾਏ ਜਾ ਸਕਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਵੀ ਜਲੰਧਰ ਦੇ ਹਸਪਤਾਲਾਂ ਵਿੱਚ ਆਕਸੀਜਨ ਵਾਲੇ 611 ਬੈੱਡ ਖਾਲੀ ਹਨ ਤੇ ਇਸੇ ਤਰ੍ਹਾਂ ਆਈਸੀਯੂ ਵਾਲੇ 118 ਬੈੱਡ ਖਾਲੀ ਹਨ। ਪੰਜਾਬ ਤੋਂ ਬਹਾਰਲੇ ਸੂਬਿਆਂ ਤੋਂ 300 ਦੇ ਕਰੀਬ ਮਰੀਜ਼ ਜਲੰਧਰ ਦੇ ਹਸਪਤਾਲਾਂ ਵਿੱਚ ਦਾਖਲ ਹਨ। ਸ੍ਰੀ ਥੋਰੀ ਨੇ ਦਾਅਵਾ ਕੀਤਾ ਕਿ ਕਰੋਨਾ ਨੂੰ ਲੈ ਕੇ ਜਲੰਧਰ ਵਿੱਚ ਹਾਲਾਤ ਕਾਬੂ ਹੇਠ ਹਨ ਤੇ ਹਸਪਤਾਲਾਂ ਵਿੱਚ ਨਾ ਆਕਸੀਜਨ ਦੀ ਤੇ ਨਾ ਹੀ ਬੈੱਡਾਂ ਕੋਈ ਕਮੀ ਹੈ।

# ਕਰੋਨਾ ਕਾਰਨ ਅੰਮ੍ਰਿਤਸਰ ਜ਼ਿਲ੍ਹੇ ਵਿੱਚ 19 ਮੌਤਾਂ

**ਅੰਮ੍ਰਿਤਸਰ।** ਕਰੋਨਾਵਾਇਰਸ ਕਾਰਨ ਅੱਜ ਅੰਮ੍ਰਿਤਸਰ ਜ਼ਿਲ੍ਹੇ ਵਿੱਚ 19 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ 490 ਨਵੇਂ ਪਾਜ਼ੇਟਿਵ ਕੇਸ ਸਾਹਮਣੇ ਆਏ ਹਨ। ਇਸ ਤਰ੍ਹਾਂ ਜ਼ਿਲ੍ਹੇ ਵਿੱਚ ਕਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਛੇ ਹਜ਼ਾਰ ਤੋਂ ਪਾਰ ਹੋ ਗਈ ਹੈ। ਸਿਹਤ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਅੱਜ 19 ਵਿਅਕਤੀਆਂ ਦੀ ਕਰੋਨਾ ਕਾਰਨ ਮੌਤ ਹੋ ਗਈ ਹੈ ਜਿਨ੍ਹਾਂ ਵਿਚ 10 ਔਰਤਾਂ ਅਤੇ 9 ਪੁਰਸ਼ ਸ਼ਾਮਲ ਹਨ। ਇਨ੍ਹਾਂ ਵਿਚ 20 ਸਾਲਾਂ ਦੀ ਲੜਕੀ ਸੀਤਾ ਰਾਣੀ ਵਾਸੀ ਮੁਸਤਫਾਬਾਦ ਵੀ ਸ਼ਾਮਲ ਹੈ। ਇਨ੍ਹਾਂ ਵਿੱਚੋਂ 15 ਵਿਅਕਤੀ ਸ਼ਹਿਰ ਨਾਲ ਸਬੰਧਤ ਹਨ ਜਦੋਂਕਿ ਬਾਕੀ ਚਾਰ ਵੱਖ ਵੱਖ ਪਿੰਡਾਂ ਨਾਲ ਸਬੰਧਤ ਹਨ। ਮਰਨ ਵਾਲਿਆਂ ਵਿਚ ਅਜਨਾਲਾ ਤੋਂ ਵੀ ਦੋ ਵਿਅਕਤੀ ਸ਼ਾਮਲ ਹਨ। ਕਰੋਨਾ ਕਾਰਨ ਹੁਣ ਤੱਕ ਅੰਮ੍ਰਿਤਸਰ ਜ਼ਿਲ੍ਹੇ ਵਿੱਚ 1158 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ 6033 ਕਰੋਨਾ ਦੇ ਐਕਟਿਵ ਕੇਸ ਹਨ।



**ਜਲੰਧਰ :** ਜ਼ਿਲ੍ਹੇ ਵਿੱਚ ਅੱਜ ਕਰੋਨਾ ਪੀੜਤ 9 ਜਣਿਆਂ ਦੀ ਮੌਤ ਹੋ ਗਈ ਹੈ ਜਦਕਿ 799 ਨਵੇਂ ਪਾਜ਼ੇਟਿਵ ਮਰੀਜ਼ ਸਾਹਮਣੇ ਆਏ ਹਨ। ਸਿਹਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਹੁਣ ਤੱਕ ਕਰੋਨਾਵਾਇਰਸ ਕਾਰਨ 1193 ਮੌਤਾਂ ਹੋ ਚੁੱਕੀਆਂ ਹਨ ਅਤੇ ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ 51248 ਤੱਕ ਪਹੁੰਚ ਗਈ ਹੈ। ਕੋਵਿਡ ਟੈਸਟ ਲਈ ਵਸੂਲੀ ਵਾਧੂ ਰਾਸ਼ੀ ਵਾਪਸ ਕਰਨ ਦੇ ਹੁਕਮ: ਜਲੰਧਰ ਦੇ ਟੈਗੋਰ ਹਸਪਤਾਲ ਵੱਲੋਂ ਆਰਟੀ-ਪੀਸੀਆਰ ਕੋਵਿਡ ਟੈਸਟ ਲਈ 90 ਤੋਂ ਵੱਧ ਮਰੀਜ਼ਾਂ ਤੋਂ ਵਾਧੂ ਫੀਸ ਵਸੂਲਣ ਦਾ ਮਾਮਲਾ ਸਾਹਮਣੇ ਆਇਆ ਹੈ। ਹਸਪਤਾਲ ਨੇ ਹਰ ਮਰੀਜ਼ ਕੋਲੋਂ ਵੱਧ ਪੈਸੇ ਵਸੂਲੇ ਸਨ। ਡਿਪਟੀ ਕਮਿਸ਼ਨਰ ਦੇ ਦਖਲ ਤੋਂ ਬਾਅਦ ਵਾਧੂ ਵਸੂਲੇ ਪੈਸੇ ਮਰੀਜ਼ਾਂ ਨੂੰ ਵਾਪਸ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਹਸਪਤਾਲ ਪ੍ਰਬੰਧਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਵੱਖ-ਵੱਖ ਸੇਵਾਵਾਂ ਲਈ ਫੀਸ ਵਸੂਲਣ ਸਬੰਧੀ ਰਾਜ ਸਰਕਾਰ ਦੁਆਰਾ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣ ਕਰਨ ਦਾ ਭਰੋਸਾ ਵੀ ਦਿਵਾਇਆ ਗਿਆ ਹੈ।

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੂੰ ਇੱਕ ਨਾਗਰਿਕ ਨੇ ਸ਼ਿਕ-ਾਇਤ ਕੀਤੀ ਕਿ ਟੈਗੋਰ ਹਸਪਤਾਲ ਵੱਲੋਂ ਕੋਵਿਡ ਟੈਸਟ ਲਈ 900 ਰੁਪਏ ਵਸੂਲ ਕੀਤੇ ਗਏ ਹਨ ਜਦਕਿ ਸੂਬਾ ਸਰਕਾਰ ਵੱਲੋਂ ਟੈਸਟ ਲਈ 450 ਰੁਪਏ ਤੈਅ ਕੀਤੇ ਗਏ ਹਨ। ਸ਼ਿਕਾਇਤ ਮਿਲਣ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਪਬਲਿਕ ਗਰੀਵਐਂਸ ਅਫਸਰ ਰਣਦੀਪ ਸਿੰਘ ਗਿੱਲ ਨੂੰ ਜਾਂਚ ਸੌਂਪੀ ਗਈ, ਜਿਨ੍ਹਾਂ ਵੱਲੋਂ ਮੈਨੇਜਮੈਂਟ ਨੂੰ ਅਗਲੇਰੀ ਜਾਂਚ ਲਈ ਤਲਬ ਕੀਤਾ ਗਿਆ ਸੀ। ਪੜਤਾਲ ਦੌਰਾਨ ਇਹ ਸਾਹਮਣੇ ਆਇਆ ਕਿ ਹਸਪਤਾਲ ਵੱਲੋਂ ਟੈਸਟਾਂ ਲਈ ਸੈਂਪਲ ਇਕੱਤਰ ਕਰਨ ਦੇ ਖਰਚੇ ਸਮੇਤ ਮਰੀਜ਼ਾਂ ਤੋਂ ਗਲਤੀ ਨਾਲ 600 ਤੋਂ 900 ਰੁਪਏ ਲਏ ਗਏ ਹਨ, ਜੋ ਉਨ੍ਹਾਂ ਵੱਲੋਂ 20 ਅਪਰੈਲ 2021 ਤੋਂ ਬਾਅਦ ਆਰਟੀ-ਪੀਸੀਆਰ ਟੈਸਟ ਕਰਵਾਉਣ ਵਾਲੇ ਸਮੂਹ ਮਰੀਜ਼ਾਂ ਨੂੰ ਵਾਪਸ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

ਇੱਕ ਹੋਰ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਪ੍ਰਾਈਵੇਟ ਲੈਬ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਪੁਲੀਸ ਅਧਿਕਾਰੀਆਂ ਨੂੰ ਪੱਤਰ ਲਿਖਿਆ ਹੈ ਜੋ ਕਿ ਪ੍ਰਸ਼ਾਸਨ ਦੀ ਪੜਤਾਲ ਦੌਰਾਨ ਆਰਟੀ-ਪੀਸੀਆਰ ਟੈਸਟਾਂ ਵਿੱਚ ਵੱਧ ਵਸੂਲੀ ਕਰਦੇ ਪਾਈ ਗਈ ਹੈ। ਲੈਬ ਵਿਰੁੱਧ ਜਾਂਚ ਪਬਲਿਕ ਗਰੀਵਐਂਸ ਅਫਸਰ ਰਣਦੀਪ ਸਿੰਘ ਗਿੱਲ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਨੇ ਆਪਣੀ ਮੁੱਢਲੀ ਰਿਪੋਰਟ ਵਿਚ ਕਿਹਾ ਹੈ ਕਿ ਲੈਬ ਵੱਲੋਂ ਸੂਬਾ ਸਰਕਾਰ ਦੁਆਰਾ ਕੋਵਿਡ -19 ਟੈਸਟਾਂ ਲਈ ਤੈਅ ਕੀਤੀ 450 ਰੁਪਏ ਫੀਸ ਨਾਲੋਂ ਵੱਧ ਰਾਸ਼ੀ ਵਸੂਲ ਕੀਤੀ ਜਾ ਰਹੀ ਸੀ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਕਰੋਨਾ: ਕੁਝ ਸਬਕ ਸਿੱਖਣ ਸਰਕਾਰਾਂ



ਜੋ ਹਾਲਾਤ ਭਾਰਤ ਅੰਦਰ ਕਰੋਨਾਵਾਇਰਸ ਮਹਾਂਮਾਰੀ ਕਾਰਨ ਬਣੇ ਹੋਏ ਹਨ, ਉਸ ਤੋਂ ਸਾਰੀ ਦੁਨੀਆਂ ਚਿੰਤਤ ਹੈ। ਭਾਰਤ ਅੰਦਰ ਕਰੋਨਾ ਦੀ ਦੂਜੀ ਲਹਿਰ ਨੇ ਸੁਨਾਮੀ ਦਾ ਰੂਪ ਅਖਤਿਆਰ ਕਰ ਲਿਆ ਹੈ, ਜੋ ਮਾਰੋ-ਮਾਰ ਕਰਦੀ ਨਗਰ ਦਰ ਨਗਰ ਅਤੇ ਸ਼ਹਿਰ ਦਰ ਸ਼ਹਿਰ ਲਾਸ਼ਾਂ ਦੇ ਢੇਰ ਲਾ ਰਹੀ ਹੈ। ਜਿਸ ਮੁਲਕ ਵਿੱਚ ਕਤਾਰਾਂ ਦੀ ਅਹਿਮੀਅਤ ਸਿਰਫ਼ ਵੋਟਤੰਤਰ ਵਿੱਚ ਵੇਖੀ ਜਾਂਦੀ ਸੀ, ਅੱਜ ਉੱਥੇ ਜਿਧਰ ਵੀ ਦੇਖੋ ਕਤਾਰਾਂ ਹੀ ਕਤਾਰਾਂ ਲੱਗੀਆਂ ਹਨ। ਆਕਸੀਜਨ ਦੇ ਸਿਲੰਡਰ ਲੈਣ ਲਈ ਕਤਾਰਾਂ, ਸਿਲੰਡਰ ਭਰਵਾਉਣ ਲਈ ਕਤਾਰਾਂ, ਹਸਪਤਾਲਾਂ ਦੇ ਬਾਹਰ ਕਤਾਰਾਂ, ਦਵਾਈਆਂ ਲੈਣ ਲਈ ਕਤਾਰਾਂ। ਹੁਣ ਤਾਂ ਸ਼ਮਸ਼ਾਨਘਾਟਾਂ ਅਤੇ ਕਬਰਿਸਤਾਨਾਂ ਦੇ ਬਾਹਰ ਮੁਰਦਿਆਂ ਦੀਆਂ ਵੀ ਕਤਾਰਾਂ ਲੱਗੀਆਂ ਹਨ। ਕੀ ਕੁਝ ਨਹੀਂ ਕਰਵਾ ਦਿੰਦਾ ਇਹ ਵੋਟਤੰਤਰ। ਮੇਰਾ ਇਸ਼ਾਰਾ ਬੜਾ ਸਾਫ਼ ਤੇ ਸਪਸ਼ਟ ਹੈ ਕਿ ਇਹ ਸਭ ਸਰਕਾਰੀਤੰਤਰ ਦਾ ਕੀਤਾ ਧਰਿਆ ਹੈ। ਇਹ ਤ੍ਰਾਸਦੀ ਆਪਣੀ ਹਊਮੈ 'ਚ ਗੁਆਚੇ ਪ੍ਰਧਾਨ ਮੰਤਰੀ ਦੀ ਸਿਆਸੀ ਅਣਗਹਿਲੀ ਦਾ ਸਿੱਟਾ ਹੈ, ਜਿਸ ਦਾ ਖਮਿਆਜ਼ਾ ਪੂਰਾ ਮੁਲਕ ਭੁਗਤ ਰਿਹਾ ਹੈ।

ਅਸੀਂ ਕਰੋਨਾ ਬਾਰੇ ਬਹੁਤ ਕੁਝ ਜਾਣ ਲਿਆ ਹੈ। ਇਹਦੇ ਫੈਲਾਅ ਬਾਰੇ, ਇਹਦੇ ਬਚਾਅ ਬਾਰੇ ਆਦਿ। ਹੁਣ ਵੇਲਾ ਹੈ ਕਿ ਸਰਕਾਰ ਨੂੰ ਸ਼ੀਸ਼ਾ ਦਿਖਾਇਆ ਜਾਵੇ, ਉਸ ਨੂੰ ਉਸ ਦੀਆਂ ਨਾਲਾਇਕੀਆਂ ਦੱਸੀਆਂ ਜਾਣ। ਹੁਣ ਇਹ ਕਹਿਣਾ ਹਰਗਿਜ਼ ਵਾਜਬ ਨਹੀਂ ਕਿ, ''ਅਜੇ ਨੁਕਤਾਚੀਨੀ ਕਰਨ ਦਾ ਸਮਾਂ ਨਹੀਂ ਹੈ।'' ਕਿਉਂਕਿ ਇਹੀ ਵਕਤ ਹੈ ਪ੍ਰਜਾਤੰਤਰ ਦੀ ਅਸਲ ਪਰਿਭਾਸ਼ਾ ਨੂੰ ਪੇਸ਼ ਕਰਨ ਦਾ ਤੇ ਹਕੂਮਤ ਦੀ ਧੌਣ ਵਿੱਚੋਂ ਕੀਲਾ ਕੱਢਣ ਦਾ। ਨਹੀਂ ਤਾਂ ਲਹਿਰ ਤੀਜੀ ਤੇ ਚੌਥੀ ਵੀ ਤਿਆਰ ਬਰ ਤਿਆਰ ਹੈ।

ਕੇਂਦਰ ਸਰਕਾਰ ਵੱਲੋਂ ਆਪਣੇ ਅੜੀਅਲ ਸੁਭਾਅ ਮੁਤਾਬਿਕ ਕੀਤੇ ਵੱਡੇ-ਵੱਡੇ ਦਾਅਵੇ ਪਲਾਂ ਵਿੱਚ ਹੀ ਚਕਨਾਚੂਰ ਹੋ ਗਏ। ਆਤਮ ਨਿਰਭਰਤਾ ਦੇ ਭਰਮ ਵਿੱਚ ਗੱਪਾਂ ਮਾਰਨ ਵਾਲੀ ਸਰਕਾਰ ਦੇ ਸਿਹਤ ਸਬੰਧੀ ਬੁਨੀਆਦੀ ਲੋੜਾਂ ਦੀ ਪੂਰਤੀ ਵਿੱਚ ਵੀ ਹੱਥ ਖੜ੍ਹੇ ਹੋ ਰਹੇ ਹਨ। ਪਹਿਲਾਂ ਕੌਮਾਂਤਰੀ ਸੰਸਥਾਵਾਂ ਵੱਲੋਂ ਕੀਤੀਆਂ ਸਹਾਇਤਾ ਦੀਆਂ ਪੇਸ਼ਕਸ਼ਾਂ ਨੂੰ ਠੁਕਰਾਉਣ ਵਾਲੀ ਧਿਰ ਅੱਜ ਉਨ੍ਹਾਂ ਵੱਲ ਹੀ ਉਮੀਦ ਨਾਲ ਦੇਖ ਰਹੀ ਹੈ। ਵਿਸ਼ਵ ਸਿਹਤ ਸੰਸਥਾ ਦੀਆਂ ਸਿਫਾਰਸ਼ਾਂ ਅਤੇ ਚਿਤਾਵਨੀਆਂ ਨੂੰ ਅਣਗੌਲਿਆਂ ਕਰਨ ਦੇ ਨਤੀਜੇ ਪੂਰਾ ਆਵਾਮ ਭੁਗਤ ਰਿਹਾ ਹੈ। ਕਰੋਨਾ ਕਾਲ ਦਾ ਇੱਕ ਸਾਲ ਬੀਤ ਜਾਣ 'ਤੇ ਵੀ ਅਸੀਂ ਉਸ ਦਾ ਸਾਹਮਣਾ ਕਰਨ ਜੋਗੇ ਨਹੀਂ ਹੋਏ, ਜਿਸ ਦੇ ਸਿੱਧੇ ਰੂਪ ਵਿੱਚ ਜ਼ਿੰਮੇਵਾਰ ਕੇਂਦਰ ਅਤੇ ਰਾਜ ਸਰਕਾਰਾਂ ਹੀ ਹਨ, ਜੋ ਸਾਰਿਥਕ, ਤੰਦਰੁਸਤ ਅਤੇ ਮਜ਼ਬੂਤ ਸਿਹਤ ਢਾਂਚਾ ਨਹੀਂ ਸਿਰਜ ਸਕੀਆਂ। ਜਿਸ ਕਾਰਨ ਅੱਜ ਆਵਾਮ ਨੂੰ ਕਤਾਰਾਂ ਵਿੱਚ ਖੜ੍ਹਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਬੇਸ਼ੱਕ ਸਿਹਤ ਸਬੰਧੀ ਵਿਸ਼ਾ ਰਾਜ ਸਰਕਾਰਾਂ ਨਾਲ ਸਬੰਧਤ ਹੈ, ਪਰ ਕੇਂਦਰ ਨੇ ਰਾਜਾਂ ਦੀਆਂ ਸ਼ਕਤੀਆਂ ਨੂੰ ਇਸ ਕਦਰ ਸੀਮਤ ਕਰ ਦਿੱਤਾ ਹੈ ਕਿ ਉਹ ਹਰ ਚੀਜ਼ ਲਈ ਅੱਜ ਕੇਂਦਰ ਉੱਪਰ ਨਿਰਭਰ ਹਨ। ਜੋ ਅੱਜ ਦੇ ਹਾਲਾਤ ਅਸੀਂ ਦੇਖ ਰਹੇ ਹਾਂ, ਇਹ ਸ਼ਕਤੀਆਂ ਦੇ ਕੇਂਦਰੀਕਰਨ ਕਰਨ ਦਾ ਹੀ ਨਤੀਜਾ ਹਨ।

ਇਸ ਪੂਰੇ ਵਰਤਾਰੇ ਦੌਰਾਨ ਇੱਕ ਗੱਲ ਬੜੀ ਸਪੱਸ਼ਟ ਹੋ ਕੇ ਸਾਹਮਣੇ ਆ ਰਹੀ ਹੈ ਕਿ ਜਨਤਾ ਦਾ ਭਰੋਸਾ ਸਿਆਸੀ ਲੋਕ ਗੁਆ ਬੈਠੇ ਹਨ, ਜਿਸ ਦਾ ਵੱਡਾ ਕਾਰਨ ਇਸ ਔਖੀ ਘੜੀ ਵਿੱਚ ਜਨਤਾ ਨੂੰ ਉਸ ਦੇ ਹਾਲ 'ਤੇ ਛੱਡ ਦੇਣਾ ਹੈ। ਅੱਜ ਕੋਈ ਲੋਕ ਨੁਮਾਇੰਦਾ ਆਪਣੇ ਲੋਕਾਂ ਨਾਲ ਵਿਚਰਦਾ ਦਿਖਾਈ ਨਹੀਂ ਦੇ ਰਿਹਾ। ਸਗੋਂ ਬਹੁਤੇ ਆਗੂ ਕਰੋਨਾ ਦੀ ਆੜ ਹੇਠ ਆਪਣੀ ਨੈਤਿਕ ਅਤੇ ਸੰਵਿਧਾਨਿਕ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ, ਜਦੋਂ ਕਿ ਅੱਜ ਵੇਲਾ ਸੀ ਆਪਣੇ ਲੋਕਾਂ ਨਾਲ ਖੜ੍ਹਨ ਦਾ, ਉਨ੍ਹਾਂ ਦਾ ਸਾਥ ਦੇਣ ਦਾ, ਹੌਸਲਾ ਦੇਣ ਦਾ ਅਤੇ ਵੱਡੀ ਗੱਲ ਉਨ੍ਹਾਂ ਦਾ ਭਰੋਸਾ ਆਪਣੇ ਵਿੱਚ ਅਤੇ ਸਿਹਤ ਪ੍ਰਣਾਲੀ ਵਿੱਚ ਬਣਾਈ ਰੱਖਣ ਦਾ। ਅੱਜ ਕੇਂਦਰੀ ਅਤੇ ਰਾਜਾਂ ਦੇ ਸਿਹਤ ਮੰਤਰੀਆਂ ਦੇ ਸਿਰਫ਼ ਬਿਆਨ ਹੀ ਦੇਖਣ, ਪੜ੍ਹਨ ਅਤੇ ਸੁਣਨ ਨੂੰ ਮਿਲ ਰਹੇ ਹਨ। ਇਸ ਕਾਰਨ ਲੋਕ ਹੀ ਆਪ ਮੁਹਾਰੇ ਇੱਕ ਦੂਸਰੇ ਦੀ ਮੱਦਦ ਕਰ ਰਹੇ ਹਨ। ਲੋਕ ਸਰਕਾਰਾਂ ਤੋਂ ਮੱਦਦ ਦੀ ਆਸ ਗੁਆ ਚੁੱਕੇ ਹਨ ਅਤੇ ਸਰਕਾਰਾਂ ਆਪਣਾ ਭਰੋਸਾ ਗੁਆ ਚੁੱਕੀਆਂ ਹਨ।

ਦੂਸਰੇ ਪੱਖ ਜਿੱਥੇ ਅੱਜ ਕੇਂਦਰ ਸਰਕਾਰ ਨੂੰ ਜਨਤਾ ਦੀ ਅਤੇ ਕੌਮਾਂਤਰੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਇਸ ਨੂੰ ਨਿਆਂਪਾਲਿਕਾ ਦੀ ਅਦਾਲਤੀ ਆਲੋਚਨਾ ਅਰਥਾਤ ਅਦਾਲਤੀ ਹੁਕਮਾਂ ਤੇ ਟਿੱਪਣੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। 'ਦੇਰ ਆਏ ਦਰੁਸਤ ਆਏ' ਚਲੋ ਆਦਲਤਾਂ ਨੇ ਵੀ ਆਪਣੀ ਸਰਗਰਮ ਭੂਮਿਕਾ ਅਦਾ ਕਰਨੀ ਸ਼ੁਰੂ ਕੀਤੀ ਹੈ, ਜੋ ਸਾਰਥਿਕਤਾ ਭਰੀ ਗੱਲ ਹੈ। ਅਰਸਤੂ ਦੇ ਵੇਲੇ ਤੋਂ ਹੀ ਇਹ ਗੱਲ ਆਮ ਤੌਰ 'ਤੇ ਪ੍ਰਵਾਨਿਤ ਹੈ ਕਿ ਸਿਆਸੀ ਪ੍ਰਣਾਲੀ ਨੂੰ ਤਿੰਨ ਵੱਡੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ, ਜਿਸ ਵਿੱਚ ਵਿਧਾਨਕਾਰੀ ਸ਼ਕਤੀ ਪਹਿਲੇ ਸਥਾਨ 'ਤੇ ਹੈ, ਜੋ ਸਮਾਜ ਦੇ ਆਮ ਨਿਯਮ ਤੈਅ ਕਰਦੀ ਹੈ। ਦੂਜੀ ਸ਼ਕਤੀ ਕਾਰਜਪਾਲਿਕਾ ਦੀ ਹੈ, ਜੋ ਵਿਸ਼ੇਸ਼ ਨਿਯਮਾਂ ਨੂੰ ਵਿਸ਼ੇਸ਼ ਹਾਲਾਤ ਉੱਪਰ ਲਾਗੂ ਕਰਦੀ ਹੈ। ਤੀਜੇ ਸਥਾਨ ਉੱਪਰ ਹੈ ਨਿਆਂਪਾਲਿਕਾ, ਜਿਸ ਦਾ ਕੰਮ ਉਸ ਢੰਗ-ਤਰੀਕੇ ਨੂੰ ਪਰਖਣਾ ਹੈ ਜਿਸ ਅਨੁਸਾਰ ਕਾਰ-ਜਪਾਲਿਕਾ ਦਾ ਕੰਮ ਸਿਰੇ ਚੜ੍ਹਾਇਆ ਜਾਂਦਾ ਹੈ। ਲੋਕਤੰਤਰੀ ਪ੍ਰਣਾਲੀ ਵਿੱਚ ਨਿਆਂਪਾਲਿਕਾ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਕਰਦੀ ਹੋਈ ਆਵਾਮ ਨਾਲ ਸਬੰਧਤ ਸਿੱਧੇ ਵਿਸ਼ਿਆਂ ਵਿੱਚ ਸਰਕਾਰ ਦੇ ਫੈਸਲਿਆਂ ਅਤੇ ਸਾਰਥਿਕ ਕੰਮ ਨਾ ਕਰਨ ਦੇ ਢੰਗਾਂ ਵਿਰੁੱਧ ਅਦਾਲਤੀ ਹੁਕਮ ਜਾਰੀ ਕਰਕੇ ਸਰਕਾਰ ਦੀ ਜਵਾਬਦੇਹੀ ਤੈਅ ਕਰ ਸਕਦੀ ਹੈ।

ਪਿਛਲੇ ਕੁਝ ਦਿਨਾਂ ਵਿੱਚ ਅਦਾਲਤਾਂ ਵੱਲੋਂ ਕੀਤੀਆਂ ਵੱਖ ਵੱਖ ਟਿੱਪਣੀਆਂ ਖ਼ਾਸ ਅਹਿਮੀਅਤ ਰੱਖਦੀਆਂ ਹਨ। ਇਹ ਟਿੱਪਣੀਆਂ ਸਰਕਾਰ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਨਿਸ਼ਾਨ ਲਗਾ ਰਹੀਆਂ ਹਨ। ਜਿਸ ਤਰ੍ਹਾਂ ਸਰਕਾਰ ਨੇ ਸ਼ਿਕਾਇਤਕਰਤਾਵਾਂ ਉੱਪਰ ਹੀ ਕਾਰਵਾਈ ਕਰਨ ਦੇ ਹੁਕਮ ਚਾੜ੍ਹੇ ਸਨ, ਉਸ ਨੂੰ ਸੁਪਰੀਮ ਕੋਰਟ ਨੇ ਵਰਜਦਿਆਂ ਕਿਹਾ ਕਿ ਲੋਕਾਂ ਦੀ ਪੀੜ ਨੂੰ ਸਮਝੋ ਅਤੇ ਉਸ ਦਾ ਫੌਰੀ ਹੱਲ ਯਕੀਨੀ ਬਣਾਓ। ਇਸੇ ਤਰ੍ਹਾਂ ਸੁਪਰੀਮ ਕੋਰਟ ਨੇ ਹਲਾਤ ਦੀ ਗੰਭੀਰਤਾ ਨੂੰ ਦੇਖਦਿਆਂ ਕਿਹਾ ਕਿ ਹਾਲਾਤ ਇੰਨੇ ਗੰਭੀਰ ਹਨ ਕਿ ਡਾਕਟਰਾਂ ਤੇ ਨਰਸਾਂ ਨੂੰ ਵੀ ਹਸਪਤਾਲਾਂ ਵਿੱਚ ਬੈੱਡ ਨਹੀਂ ਮਿਲ ਰਹੇ ਹਨ। ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਕੌਮੀ ਵੈਕਸੀਨੇਸ਼ਨ ਯੋਜਨਾ ਚਲਾਉਣ ਤੇ ਸਾਰੇ ਨਾਗਰਿਕਾਂ ਨੂੰ ਮੁਫ਼ਤ ਵੈਕਸੀਨ ਮੁਹੱਈਆ ਕਰਨ ਬਾਰੇ ਜਲਦੀ ਵਿਚਾਰ ਕਰਨ ਲਈ ਕਿਹਾ ਹੈ। ਅਦਾਲਤੀ ਆਲੋਚਨਾ ਦਾ ਸ਼ਿਕਾਰ ਚੋਣ ਕਮਿਸ਼ਨ ਨੂੰ ਵੀ ਹੋਣਾ ਪਿਆ ਹੈ। ਚੋਣ ਕਮਿਸ਼ਨ ਦੀ ਨਾਂਹਪੱਖੀ ਭੂਮਿਕਾ ਨੂੰ ਦੇਖਦਿਆਂ ਅਦਾਲਤ ਨੇ ਕਮਿਸ਼ਨ ਨੂੰ ਕੋਵਿਡ ਦੇ ਕੇਸਾਂ 'ਚ ਵਾਧੇ ਲਈ ਸਿੱਧਾ ਜ਼ਿੰਮੇਵਾਰ ਠਹਿਰਾਇਆ ਅਤੇ ਸਖ਼ਤ ਜ਼ੁਬਾਨੀ ਟਿੱਪਣੀਆਂ ਕਰਦਿਆਂ ਇੱਥੋਂ ਤੱਕ ਆਖ ਦਿੱਤਾ ਕਿ ਇਨ੍ਹਾਂ ਅਧਿਕਾਰੀਆਂ ਖਿਲਾਫ਼ ਹੱਤਿਆ ਦਾ ਕੇਸ ਦਰਜ ਕੀਤਾ ਜਾਵੇ। ਅਦਾਲਤੀ ਆਲੋਚਨਾ ਦਾ ਸਾਹਮਣਾ ਦਿੱਲੀ ਸਰਕਾਰ ਨੂੰ ਵੀ ਕਰਨਾ ਪਿਆ। ਸੁਪਰੀਮ ਕੋਰਟ ਨੇ ਸਖ਼ਤ ਹੁੰਦਿਆਂ ਕਿਹਾ ਕਿ ਜੇ ਦੀ ਰਾਜਧਾਨੀ ਵਿੱਚ ਇਹ ਹਾਲਾਤ ਹਨ ਤਾਂ ਬਾਕੀ ਦੇਸ਼ ਵਿੱਚ ਕੀ ਹੋਣਗੇ। ਅਦਾਲਤ ਨੇ ਕੇਂਦਰ ਸਰਕਾਰ ਦੀ ਖਿਚਾਈ ਕਰਦਿਆਂ ਆਪਣੀ ਸੰਵਿਧਾਨਿਕ ਜ਼ਿੰਮੇਵਾਰੀ ਨਿਭਾਉਣ ਲਈ ਕਿਹਾ। ਇਸ ਤੋਂ ਸਾਫ਼ ਹੈ ਕਿ ਸਰਕਾਰਾਂ ਸਿਰਫ਼ ਰੈਲੀਆਂ, ਭਾਸ਼ਣਾਂ ਅਤੇ ਬਿਆਨਬਾਜ਼ੀਆਂ ਵਿੱਚ ਹੀ ਦਾਅਵੇ ਕਰਦੀਆਂ ਹਨ, ਜ਼ਮੀਨੀ ਪੱਧਰ ਉੱਪਰ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ।

ਦਰਅਸਲ ਅੱਜ ਜਿਸ ਤਰ੍ਹਾਂ ਦਾ ਮਾਹੌਲ ਭਾਰਤ ਵਿੱਚ ਬਣ ਰਿਹਾ ਹੈ, ਉਸ ਪਿੱਛੇ ਰਾਜਸੀ ਸ਼ਕਤੀਆਂ ਦਾ ਕੇਂਦਰੀਕਰਨ ਅਤੇ ਲੋਕਾਂ ਦਾ ਸਰਕਾਰਾਂ ਤੋਂ ਉੱਠ ਰਿਹਾ ਵਿਸ਼ਵਾਸ ਜ਼ਿੰਮੇਵਾਰ ਹੈ। ਜਿਸ ਤਰ੍ਹਾਂ ਰਾਜਾਂ ਦੇ ਸਾਧਨਾਂ ਨੂੰ ਕੇਂਦਰ ਵੱਲੋਂ ਸੀਮਤ ਕੀਤਾ ਅਤੇ ਉਨ੍ਹਾਂ ਉੱਪਰ ਕਬਜ਼ਾ ਕੀਤਾ ਜਾ ਰਿਹਾ ਹੈ, ਉਸ ਕਾਰਨ ਰਾਜ ਸਿੱਧੇ-ਅਸਿੱਧੇ ਰੂਪ ਵਿੱਚ ਸਿਰਫ਼ ਕੇਂਦਰ ਉੱਪਰ ਹੀ ਨਿਰਭਰ ਹਨ। ਜਿਵੇਂ ਸਿਹਤ ਸਬੰਧੀ ਸਹੂਲਤਾਂ ਦਾ ਪ੍ਰਬੰਧ ਕਰਨਾ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਪਰ ਅੱਜ ਇਨ੍ਹਾਂ ਦੇ ਸਾਜ਼ੋ-ਸਾਮਾਨ ਲਈ ਤਾਂ ਰਾਜ ਕੇਂਦਰ ਉੱਪਰ ਹੀ ਨਿਰਭਰ ਹਨ।

ਇੱਥੇ ਇੱਕ ਵੱਡੀ ਚਿੰਤਾ ਦਾ ਵਿਸ਼ਾ ਸਾਡੇ ਪੇਂਡੂ ਖੇਤਰ ਦਾ ਹੈ। ਜ਼ਰਾ ਸੋਚੋ ਅੱਜ ਕਰੋਨਾ ਨੇ ਵੱਡੇ-ਵੱਡੇ ਮਹਾਂਨਗਰਾਂ ਅਤੇ ਸ਼ਹਿਰਾਂ ਵਿੱਚ ਕੀ ਤਬਾਹੀ ਮਚਾਈ ਹੈ। ਜਿਨ੍ਹਾਂ ਮਹਾਂਨਗਰਾਂ ਅਤੇ ਸ਼ਹਿਰਾਂ ਨੂੰ ਸਰਕਾਰਾਂ ਆਧੁਨਿਤਾ ਅਤੇ ਵਿਕਾਸ ਦੇ ਮਸੀਹੇ ਦੱਸਦੀਆਂ ਸਨ, ਉਨ੍ਹਾਂ ਵਿੱਚ ਕਰੋਨਾ ਕਾਰਨ ਹਾਹਾਕਾਰ ਮੱਚੀ ਹੈ। ਸਿਹਤ ਸਹੂਲਤਾਂ ਦੇ ਵੱਡੇ-ਵੱਡੇ ਦਾਅਵੇ ਵੀ ਨਾਕਾਫ਼ੀ ਹੋ ਨਿਬੜੇ ਹਨ। ਜੇ ਇਹ ਕਰੋਨਾ ਮਹਾਂਮਾਰੀ ਸ਼ਹਿਰਾਂ ਤੋਂ ਪਿੰਡਾਂ ਤੱਕ ਆਪਣੇ ਪੈਰ ਪਸਾਰ ਗਈ ਤਾਂ ਕੀ ਸਾਡੇ ਪਿੰਡਾਂ ਵਿੱਚ ਸਰਕਾਰਾਂ ਦੁਆਰਾ ਇਸ ਨਾਲ ਨਜਿੱਠਣ ਲਈ ਸਿਹਤ ਪ੍ਰਬੰਧ ਕੀਤੇ ਗਏ ਹਨ? ਕੀ ਲੋਕਾਂ ਦੇ ਨੁਮਾਇੰਦਿਆਂ ਨੇ ਪਿੰਡਾਂ ਦੀ ਇਸ ਸਥਿਤੀ ਬਾਰੇ ਸੋਚਿਆ ਹੈ? ਜਾਂ ਫ਼ਿਰ ਉੱਥੇ ਵੀ ਇਸ ਤਰ੍ਹਾਂ ਦੇ ਵੱਡੇ-ਵੱਡੇ ਵਾਅਦੇ ਅਤੇ ਦਾਅਵੇ ਹੀ ਹਨ, ਜੋ ਵਕਤ ਆਉਂਣ 'ਤੇ ਠੁੱਸ ਸਾਬਤ ਹੁੰਦੇ ਹਨ। ਜੇ ਇਸ ਦਾ ਜਵਾਬ ਜ਼ਮੀਨੀ ਪੱਧਰ ਉੱਪਰ ਆ ਕੇ ਲੈਣਾ ਹੋਵੇ ਤਾਂ 'ਨਾਂਹ' ਵਿੱਚ ਹੀ ਮਿਲੇਗਾ। ਪਿੰਡਾਂ ਵਿੱਚ ਤਾਂ ਅਸੀਂ ਛੱਪੜਾਂ, ਗਲੀਆਂ-ਨਾਲੀਆਂ ਦੇ ਚੱਕਰਾਂ ਵਿੱਚ ਹੀ ਉਲਝੇ ਹਾਂ। ਤਾਂ ਫ਼ਿਰ ਕੀ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਿਆਸੀ ਢਾਂਚੇ ਇੰਨੇ ਸਾਰਥਿਕ ਹਨ ਕਿ ਉਹ ਇਸ ਬਿਮਾਰੀ ਦਾ ਸਾਹਮਣਾ ਕਰ ਲੈਣਗੇ? ਕੀ ਉਨ੍ਹਾਂ ਕੋਲ ਇਸ ਲਈ ਸਾਧਨ ਹਨ? ਕੀ ਉਨ੍ਹਾਂ ਕੋਲ ਲੋਕਾਂ ਦਾ ਸਿਆਸੀ ਭਰੋਸਾ ਹੈ? ਇਹ ਉਹ ਵੱਡੇ ਅਤੇ ਜ਼ਰੂਰੀ ਸਵਾਲ ਹਨ, ਛੇਤੀ ਹੀ ਸਾਡੇ ਅੱਗੇ ਸਿਰ ਚੁੱਕਣ ਵਾਲੇ ਹਨ।

ਜੇ ਅਜੇ ਵੀ ਸਰਕਾਰਾਂ ਆਪਣੀ ਗੁਆਚੀ ਸਿਆਸੀ ਸਾਖ਼ ਅਤੇ ਲੋਕਾਂ ਦੀ ਬੇਭਰੋਸਗੀ ਤੋਂ ਸਬਕ ਨਹੀਂ ਲੈਂਦੀਆਂ, ਅਦਾਲਤੀ ਆਲੋਚਨਾ ਨੂੰ ਸਵੀਕਾਰ ਨਹੀਂ ਕਰਦੀਆਂ ਤਾਂ ਇਹ ਮਹਾਂਮਾਰੀ ਦਾ ਦੌਰ ਜੋ ਮਹਾਂਨਗਰਾਂ ਅਤੇ ਸ਼ਹਿਰਾਂ ਤੋਂ ਸ਼ੁਰੂ ਹੋਇਆ ਹੈ, ਉਸ ਨੂੰ ਪਿੰਡਾਂ ਤੱਕ ਮਾਰ ਕਰਨ ਤੋਂ ਕੋਈ ਰੋਕ ਨਹੀਂ ਸਕੇਗਾ। ਪਿੰਡਾਂ ਵਿੱਚ ਇਸ ਦੇ ਨਤੀਜੇ ਕਿੰਨੇ ਖਤਰਨਾਕ ਹੋਣਗੇ, ਇਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ।

ਚੰਗੇ ਸਿਆਸੀ ਆਗੂ ਦਾ ਮੁੱਖ ਲੱਛਣ ਸੰਕਟ ਵਿੱਚ ਅਗਵਾਈ ਦੇਣਾ ਹੁੰਦਾ ਹੈ। ਤੁਸੀਂ ਖ਼ੁਦ ਹੀ ਅੰਦਾਜ਼ਾ ਲਗਾ ਲਓ ਕਿ ਸਾਡੇ ਕੋਲ ਕਿੰਨੇ ਕੁ ਚੰਗੇ ਸਿਆਸੀ ਆਗੂ ਹਨ, ਜੋ ਇਸ ਸਮੇਂ ਤੁਹ-ਾਡੇ ਵਿੱਚ ਹਨ, ਤੁਹਾਡੇ ਤੱਕ ਪਹੁੰਚ ਕਰ ਰਹੇ ਹਨ। ਸ਼ਾਇਦ ਹੁਣ ਤੁਸੀਂ ਇਸ ਗੱਲ ਉੱਪਰ ਅਫ਼ਸੋਸ ਪ੍ਰਗਟਾ ਰਹੇ ਹੋਵੋਗੇ। ਜਿਵੇਂ ਕਹਾਵਤ ਹੈ , 'ਡੁੱਲ੍ਹੇ ਬੇਰਾਂ ਦਾ ਹਜੇ ਕੁਝ ਨਹੀਂ ਵਿਗੜਿਆ' ਸਾਡੇ ਸਿਆਸੀ ਆਗੂਆਂ ਨੂੰ ਇਸ ਦੀ ਮਹੱਤਤਾ ਸਮਝਣੀ ਚਾਹੀਦੀ ਹੈ। ਬੇਸ਼ੱਕ ਸਾਡਾ ਬਹੁਤ ਕੁਝ ਵਿਗੜ ਚੁੱਕਿਆ ਹੈ, ਬਹੁਤ ਸਾਰੇ ਲੋਕ ਸਾਨੂੰ ਛੱਡ ਗਏ ਅਤੇ ਅਣਆਈ ਮੌਤ ਮਰੇ ਹਨ, ਬਹੁਤ ਲੋਕਾਂ ਦੇ ਆਰਥਿਕ ਵਸੀਲੇ ਤਹਿਸ-ਨਹਿਸ ਹੋ ਚੁੱਕੇ ਹਨ। ਪਰ ਹੁਣ ਸਿਆਸੀ ਨੁਮਾਇੰਦਿਆਂ ਨੂੰ ਆਪਣੀ ਨੈਤਿਕ ਤੇ ਸੰਵਿਧਾਨਿਕ ਜ਼ਿੰਮੇਵਾਰੀ ਸਮਝਦੇ ਹੋਏ ਚਾਹੀਦਾ ਹੈ ਕਿ ਉਹ ਪ੍ਰਭਾਵਿਤ ਹੋਣ ਵਾਲੇ ਲੋਕਾਂ ਵਿੱਚ ਆਉਣ ਅਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਫ਼ੌਰੀ ਹੱਲ ਕਰਨ ਤਾਂ ਜੋ ਲੋਕਾਂ ਨੂੰ ਕੁਝ ਰਾਹਤ ਮਿਲੇ। ਸ਼ਾਇਦ ਇਸ ਤਰੀਕੇ ਉਹ ਲੋਕਾਂ ਦਾ ਸਿਆਸੀ ਭਰੋਸਾ ਵੀ ਮੁੜ ਹਾਸਲ ਕਰਨ ਵਿੱਚ ਸਫਲ ਹੋ ਜਾਣ। ਸਭ ਤੋਂ ਵੱਧ ਜ਼ਰੂਰੀ ਹੈ ਕਿ ਖ਼ੁਦ ਨੂੰ ਪ੍ਰਧਾਨ ਸੇਵਕ ਕਹਾਉਣ ਵਾਲੇ ਪ੍ਰਧਾਨ ਮੰਤਰੀ ਇਸ ਪਾਸੇ ਜ਼ਰਾ ਠੰਢੇ ਦਿਮਾਗ਼ ਤੇ ਮਨ ਨਾਲ ਧਿਆਨ ਦੇਣ। ਉਹ ਜ਼ਰਾ 'ਮਨ ਕੀ ਬਾਤ' ਦੇ ਡੂੰਘੇ ਵਹਿਣ 'ਚੋਂ ਬਾਹਰ ਨਿਕਲ 'ਜਨ-ਜਨ ਕੀ ਪੀੜਾ' ਮਹਿਸੂਸ ਕਰਨ ਤਾਂ ਪੱਕਾ ਹੈ ਕਿ ਉਨ੍ਹਾਂ ਦਾ 'ਸਭ ਕੁਝ ਠੀਕ ਹੈ' ਵਾਲਾ ਭਰਮ ਤੜੱਕ ਕਰ ਕੇ ਟੁੱਟ ਜਾਵੇਗਾ। ਕਿਉਂਕਿ ਸਭ ਠੀਕ ਨਹੀਂ ਹੈ, ਇਹ ਗੱਲ ਤਾਂ ਹੁਣ ਅਦਾਲਤਾਂ ਵੀ ਵਾਰ-ਵਾਰ ਆਖ ਰਹੀਆਂ ਹਨ।

**ਅਰਮਿੰਦਰ ਸਿੰਘ ਮਾਨ**

# ਸਮਾਜ ਨੂੰ ਮੁੜ ਪ੍ਰੀਭਾਸ਼ਤ ਕਰ ਰਿਹਾ ਹੈ ਕਰੋਨਾ



ਸਾਹ ਵਿਹੂਣਿਆਂ ਦੀਆਂ ਚੀਕਾਂ, ਆਕਸੀਜਨ ਸਿਲੰਡਰਾਂ ਦੀਆਂ ਕਤਾਰਾਂ ਅਤੇ ਅੰਤਿਮ ਰਸਮਾਂ ਲਈ ਲੱਗੀਆਂ ਮੁਰਦਿਆਂ ਦੀਆਂ ਲਾਈਨਾਂ ਬਾਰੇ ਖ਼ਬਰਾਂ ਅਤੇ ਤਸਵੀਰਾਂ 'ਚ ਡੁੱਬੇ ਹੋਏ ਪਾਠਕਾਂ ਲਈ ਇਹ ਖ਼ਬਰ ਵਿਸ਼ਵਾਸ ਕਰਨ ਯੋਗ ਹੀ ਨਹੀਂ ਭਾਸਦੀ ਕਿ ਕਰੋਨਾ ਵਾਇਰਸ ਨਾਲ ਝੰਬੇ ਹੋਏ ਬਹੁਤੇ ਮੁਲਕ ਹੁਣ ਆਮ ਹਾਲਾਤ ਵੱਲ ਵਾਪਸੀ ਕਰ ਚੁੱਕੇ ਹਨ, ਸਮੁੰਦਰਾਂ ਕੰਢੇ ਸੈਲਾਨੀਆਂ ਦੀਆਂ ਰੌਣਕਾਂ ਪਰਤ ਰਹੀਆਂ ਹਨ ਅਤੇ ਸਖ਼ਤ ਪਾਬੰਦੀਆਂ ਆਇਦ ਕਰਨ ਵਾਲੇ ਮਹਾਂਦੀਪੀ ਮੁਲਕ ਆਸਟ੍ਰੇਲੀਆ ਦੇ ਮੈਲਬਰਨ ਕ੍ਰਿਕਟ ਗਰਾਊਂਡ ਵਿੱਚ 78,113 ਦਰਸ਼ਕਾਂ ਨੇ ਇਕੱਠੇ ਬੈਠ ਕੇ ਮੈਚ ਦਾ ਆਨੰਦ ਲਿਆ ਹੈ।

ਮਹਾਂਮਾਰੀ ਨਾਲ ਨਿਪਟ ਕੇ ਦੁਨੀਆ ਆਮ ਹਾਲਾਤ ਵੱਲ ਪਰਤ ਰਹੀ ਹੈ। ਭਾਰਤ ਵਿੱਚ ਅਸੀਂ ਜਿਊਂਦੇ ਰਹਿਣ ਲਈ ਪੂਰਾ ਜ਼ੋਰ ਲਾਈ ਬੈਠੇ ਹਾਂ। ਹਕੂਮਤ ਤੋਂ ਬਸ ਇੰਨੀ ਹੀ ਇਮਦਾਦ ਦੀ ਇਲਤਜ਼ਾ ਕਰ ਰਹੇ ਹਾਂ ਕਿ ਉਹ ਸਾਹ ਲੈਣ ਵਿੱਚ ਥੋੜ੍ਹੀ ਬਹੁਤ ਮਦਦ ਕਰ ਸਕਦੀ ਹੋਵੇ ਤਾਂ ਕਰ ਦੇਵੇ। ਸਾਹ ਅੜ ਜਾਵੇ ਤਾਂ ਥੋੜ੍ਹੀ ਜਿਹੀ ਆਕਸੀਜਨ ਮੁਹੱਈਆ ਕਰਵਾ ਦੇਵੇ।

ਇਸ ਕਾਰਜ ਹਿੱਤ ਸਾਡੇ ਲੋਕਾਂ, ਨਾਗਰਿਕ ਘੁਲਾਟੀਆਂ, ਵੱਡੇ ਛੋਟੇ ਹਸਪਤਾਲਾਂ, ਡਾਕਟਰਾਂ ਅਤੇ ਸੂਬਾ ਸਰਕਾਰਾਂ ਦੇ ਨਾਲ ਨਾਲ ਵੱਖ-ਵੱਖ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਤੱਕ ਦਾ ਪੂਰਾ ਜ਼ੋਰ ਲੱਗਿਆ ਪਿਆ ਹੈ। ਕੇਂਦਰ ਨੂੰ ਖ਼ਦਸ਼ਾ ਹੈ ਕਿ ਦਿੱਲੀ ਵਾਲੇ ਵੱਧ ਮੰਗ ਰਹੇ ਹਨ, ਕਿਤੇ ਰੀਸੋ-ਰੀਸ ਬਾਕੀ ਵੀ ਹੋਰ ਆਕਸੀਜਨ ਨਾ ਮੰਗ ਬੈਠਨ। ਦੇਸ਼ ਦੀ ਸਰਵਉੱਚ ਅਦਾਲਤ ਦੇ ਜੱਜ ਰੋਜ਼ ਕਹਿ ਰਹੇ ਹਨ ਕਿ ਦੇਂਦੇ ਹੋ ਆਕਸੀਜਨ ਕਿ ਕਰੀਏ ਤੁਹਾਡਾ ਕੋਈ ਸਖ਼ਤ ਇਲਾਜ, ਪਰ ਮੁਕਾਬਲਾ ਜਾਰੀ ਹੈ।

ਕੁਝ ਦਹਾਕੇ ਬੀਤ ਜਾਣ ਦਿਓ, ਸਾਡੇ ਬੱਚਿਆਂ ਨੇ ਨਫ਼ਾ ਨੁਕਸਾਨ ਬਾਰੇ ਸਵਾਲਾਂ ਨਾਲ ਦੋ ਚਾਰ ਹੋਣਾ ਹੈ। ਆਕਸੀਜਨ ਦੀ ਤੋਟ ਬਾਰੇ ਭਾਅਬਾਜ਼ੀ ਵਾਲੀ ਨਿਆਂਇਕ ਪ੍ਰਕਿਰਿਆ ਦੌਰਾਨ ਕਿੰਨੇ ਨਾਗਰਿਕ ਸਾਹ ਖੁਣੋਂ ਮੁਰਦਾ ਬਣ ਜਾਣ ਤਾਂ ਦੇਸ਼ ਦੀ ਆਤਮਾ 'ਤੇ ਕੋਈ ਬੋਝ ਨਹੀਂ ਪੈਂਦਾ।

ਪਰ ਹਾਲੇ ਸਕੂਲ ਬੰਦ ਹਨ ਅਤੇ ਇਹ ਉਸ ਆਉਣ ਵਾਲੇ ਕੱਲ੍ਹ ਦੇ ਸਵਾਲ ਹਨ ਜਿਸ ਬਾਰੇ ਹੁਣ ਕੋਈ ਗਾਰੰਟੀ ਕਾਰਗਰ ਨਹੀਂ ਰਹੀ। ਚੇਤੰਨ ਮਨੁੱਖ ਹੁਣ ਹਰ ਸ਼ਬਦ ਇਹ ਸੋਚ ਕੇ ਬੋਲ ਰਿਹਾ ਹੈ, ਇਸ ਅਹਿਸਾਸ ਨਾਲ ਲਿਖ ਰਿਹਾ ਹੈ ਕਿ ਇਹ ਉਹਦੇ ਲਿਖੇ, ਬੋਲੇ ਜਾਂ ਉਹਦੇ ਪਾਠਕਾਂ, ਸ੍ਰੋਤਿਆਂ ਦੇ ਪੜ੍ਹੇ ਸੁਣੇ ਆਖਰੀ ਸ਼ਬਦ ਹੋ ਸਕਦੇ ਹਨ।

ਕਰੋਨਾ ਲਗਾਤਾਰ ਦਸਤਕ ਦੇ ਰਿਹਾ ਹੈ ਅਤੇ ਸਾਡੇ ਵਿੱਚੋਂ ਬਹੁਤ ਸਾਰਿਆਂ ਦੇ ਘਰ, ਪਰਿਵਾਰ, ਰਿਸ਼ਤੇਦਾਰ, ਦੋਸਤ, ਮਿੱਤਰ, ਗਵਾਂਢੀ, ਅਜ਼ੀਜ਼ ਮਹਾਂਮਾਰੀ ਨੂੰ ਨੇੜਿਓਂ ਭੋਗ ਚੁੱਕੇ ਹਨ, ਕਿਸੇ ਅਤਿ ਪਿਆਰੇ ਨੂੰ ਲਾਸ਼ ਵਿਚ ਤਬਦੀਲ ਹੁੰਦਾ ਦੇਖ ਚੁੱਕੇ ਹਨ।

ਅਸੀਂ ਦੋ ਤਰ੍ਹਾਂ ਦੀ ਕਰੋਨਾ ਕਥਾ ਸਰਵਣ ਕਰ ਰਹੇ ਹਾਂ।

ਇਕ ਸਰਕਾਰੀ ਕਥਾਕਾਰੀ ਹੈ ਜਿਸ ਅਨੁਸਾਰ ਲੋਕ ਘਰਾਂ ਵਿੱਚ ਵੜ ਜਾਣ, ਹਾਲਾਤ ਕਰਫਿਊ ਦੀ ਨਿਆਈਂ ਹੋਣ। ਨਾਗਰਿਕਾਂ ਦਾ ਭਾਵੇਂ ਰੁਜ਼ਗਾਰ ਟੁੱਟੇ, ਬੱਚੇ ਭੁੱਖੇ ਵਿਲਕਣ, ਕੰਮ ਧੰਦੇ ਠੱਪ ਰਹਿਣ, ਤੁਸੀਂ ਬੱਸ ਘਰ ਅੰਦਰ ਹੀ ਦੜੇ ਰਹੋ ਕਿਉਂਕਿ ਬਾਹਰ ਮੌਤ ਦਾ ਰਾਜ ਹੈ।

ਦੂਜੀ ਕਥਾ ਵਿੱਚ ਮਹਾਂਮਾਰੀ ਦਾ ਵਿਸ਼ਲੇਸ਼ਣ ਅਸਲੋਂ ਹੀ ਵਿਗਿਆਨ ਦੀ ਧੌਣ 'ਤੇ ਗੋਡਾ ਰੱਖ ਕੇ ਕੀਤਾ ਜਾ ਰਿਹਾ ਹੈ। ਇਸ ਅਨੁਸਾਰ ਕਰੋਨਾ ਸਿਰਫ਼ ਸਾਮਰਾਜੀ ਸ਼ਕਤੀਆਂ ਦਾ ਡਰਾਮਾ ਹੈ, ਆਮ ਮੌਸਮੀ ਫਲੂ ਵਰਗੀ ਬੀਮਾਰੀ ਹੈ ਜੀਹਦਾ ਫੈਲਣਾ ਹੀ ਕੁਦਰਤੀ ਇਲਾਜ ਹੈ। ਕੁੱਲ ਮਿਲਾ ਕੇ ਕਰੋਨਾ ਸਰਕਾਰੀ ਹੈ ਅਤੇ ਵਿਗਿਆਨ ਟਿੱਚ ਹੈ।

ਇਨ੍ਹਾਂ ਦੋਵਾਂ ਕਥਾਨਕਾਂ ਤੋਂ ਬਚਦਾ ਹੋਇਆ ਨਾਗਰਿਕ ਵਿਗਿਆਨਕ ਅਤੇ ਸਮਾਜਿਕ ਹਕੀਕਤਾਂ ਨੂੰ ਸਾਹਵੇਂ ਰੱਖਦਿਆਂ ਸਵੇਰ ਸ਼ਾਮ ਗਰਾਰੇ ਕਰਦਾ, ਭਾਫ਼ ਲੈ ਰਿਹਾ ਹੈ, ਖ਼ਬਰਾਂ ਉੱਤੇ ਨਜ਼ਰ ਬਣਾ ਕੇ ਰੱਖਦਾ ਹੈ ਅਤੇ ਵੇਖ ਰਿਹਾ ਹੈ ਕਿ ਹਕੂਮਤ ਕਿਵੇਂ ਕਰੋਨਾ ਵਰਗੀ ਭਿਆਨਕ ਮਹਾਂਮਾਰੀ ਨੂੰ ਹਥਿਆਰ ਬਣਾ ਕੇ ਕਿਸਾਨਾਂ ਤੇ ਮਜ਼ਦੂਰਾਂ ਦੇ ਮਾਣਮੱਤੇ ਘੋਲ ਦਾ ਗਲਾ ਵੱਢਣਾ ਚਾਹ ਰਹੀ ਹੈ ਪਰ ਆਪ ਮੁਲਖੱਈਏ ਨਾਲ ਖੜ੍ਹਨ ਤੋਂ ਮੁੱਕਰੀ ਬੈਠੀ ਹੈ।

ਇਸ ਗਲੀ ਮੁਹੱਲੇ ਸ਼ੂਕਦੀ ਮੌਤ ਅਤੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਤਿਲਾਂਜਲੀ ਦੇ ਚੁੱਕੀ ਹਕੂਮਤ ਦੇ ਦੌਰ ਵਿੱਚ ਹੀ ਸਾਨੂੰ ਆਪਣੇ ਸਮਿਆਂ ਦੇ ਸਭ ਤੋਂ ਪਿਆਰੇ ਮਨੁੱਖਾਂ ਦੇ ਦਰਸ਼ਨ ਦੀਦਾਰੇ ਹੋ ਰਹੇ ਹਨ। ਸਾਰੀਆਂ ਇਹਤਿਆਤੀ ਤਦਬੀਰਾਂ ਦਾ ਪਾਲਣ ਕਰਦੇ, ਮੂੰਹ 'ਤੇ ਟਾਕੀਆਂ ਬੱਧੀ ਅਤੇ ਜੇਬ੍ਹਾਂ ਵਿਚ ਸੈਨੀਟਾਈਜ਼ਰ ਦੀਆਂ ਸ਼ੀਸ਼ੀਆਂ ਪਾਈ ਇਹ ਚੇਤੰਨ ਨਾਗਰਿਕ ਆਕਸੀਜਨ ਦੇ ਲੰਗਰ ਲਾ ਰਹੇ ਹਨ, ਕਿਸੇ ਹਮਾਤੜ ਨੂੰ ਹਸਪਤਾਲ ਪਹੁੰਚਾ ਰਹੇ ਹਨ, ਕਿਸੇ ਨੂੰ ਰੋਟੀ-ਟੁੱਕ ਬਹੁੜਦਾ ਕਰ ਰਹੇ ਹਨ। ਉੱਕਾ ਹੀ ਓਪਰੇ ਟਵਿਟਰ 'ਤੇ ਸੁਨ-'ਹਾ ਪੜ੍ਹ ਆਪਨੜੇ ਬਣ ਕੇ ਪਹੁੰਚ ਰਹੇ ਹਨ। ਝੱਟ ਦੱਸ ਪਾ ਰਹੇ ਹਨ ਕਿ ਕਿੱਥੇ ਹਸਪਤਾਲ ਵਿੱਚ ਬੈੱਡ ਖ਼ਾਲੀ ਹੈ, ਕਿੱਥੇ ਆਕਸੀਜਨ ਘਟਣ ਲੱਗੀ ਹੈ, ਕਿੱਥੇ ਵੈਂਟੀਲੇਟਰ ਮੁਹੱਈਆ ਹੋ ਗਿਆ ਹੈ। ਸਾਰੇ ਸੋਸ਼ਲ ਮੀਡੀਆ ਵਾਲੇ ਮੰਚਾਂ ਨੂੰ ਇਹਨਾਂ ਨੇ ਮਹਾਂਮਾਰੀ ਅਤੇ ਸਰਕਾਰ ਦੀ ਨਾਅਹਿਲੀਅਤ ਖ਼ਿਲਾਫ਼ ਯੁੱਧ ਵਿੱਚ ਹਥਿਆਰ ਬਣਾ ਲਿਆ ਹੈ। ਤੁਹਾਨੂੰ ਅੰਦਰ ਬਹਿਣ ਲਈ ਵੀ ਕਹਿ ਰਹੇ ਹਨ, ਲੋੜ ਪੈਣ 'ਤੇ ਸੜਕ 'ਤੇ ਵੀ ਨਿਕਲ ਰਹੇ ਹਨ।

ਅੱਜ ਜਿਸ ਵੇਲੇ ਅਸੀਂ ਬੇਹੱਦ ਮਾਨਸਿਕ ਦਬਾਅ ਵਿੱਚ ਹਾਂ, ਟੀਵੀ ਉੱਤੇ ਆਕਸੀਜਨ ਬਾਰੇ ਭਾਅਬਾਜ਼ੀ, ਲਗਾਤਾਰ ਸੜ ਰਹੀਆਂ ਲੋਥਾਂ, ਵਿਲਕਦੇ ਰਿਸ਼ਤੇਦਾਰਾਂ ਦੀਆਂ ਚੀਕਾਂ ਅਤੇ ਨਿੱਤ ਦੇ ਰਿਕਾਰਡ-ਤੋੜ ਅੰਕੜਿਆਂ ਬਾਰੇ ਖ਼ਬਰਾਂ ਵਿੱਚ ਸਾਹ ਘੁੱਟ ਕੇ ਤੈਰ ਰਹੇ ਹਾਂ ਤਾਂ ਬਸ ਇਸ ਮਨੁੱਖਤਾ ਦੀ ਲਾਗ ਲੱਗਿਆਂ ਨੂੰ ਵੇਖ ਜੀਉਂਦੇ ਰਹਿਣ ਅਤੇ ਆਖਰੀ ਸਾਹ ਤੱਕ ਲੜਨ ਦੀ ਕੋਈ ਇੱਛਾ ਬਾਕੀ ਬਚੀ ਰਹਿ ਰਹੀ ਹੈ। ਕਰੋਨਾ ਨਾਲ ਗ੍ਰਸਤ ਕੋਈ ਟੁਰ ਜਾਵੇ ਜਹਾਨ ਫ਼ਾਨੀ ਤੋਂ ਤਾਂ ਰੁਗ ਭਰ ਲਈਏ ਅੰਦਰੇ ਅੰਦਰ ਗ਼ਮ ਦਾ, ਪਰ ਹੁਣ ਤਾਂ ਬਹੁਤ ਸਾਰੀਆਂ ਮੌਤਾਂ ਇਸ ਲਈ ਹੋ ਰਹੀਆਂ ਹਨ ਕਿ ਕਰੋਨਾ ਪੀੜਤਾਂ ਨੂੰ ਲੋੜੀਂਦੇ ਇਲਾਜ ਦੀ ਸਹੂਲਤ ਵੀ ਨਹੀਂ ਮਿਲ ਰਹੀ।

ਆਕਸੀਜਨ ਦੀ ਘਾਟ ਕਾਰਨ ਹੋਈਆਂ ਮੌਤਾਂ ਇਕ ਤਰ੍ਹਾਂ ਦਾ ਕਤਲ ਹਨ, ਪਰ ਇਸ ਖ਼ੂਨ ਵਿੱਚ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਹੱਥ ਵੀ ਰੰਗੇ ਹੋਏ ਹਨ। ਅਸੀਂ ਚੰਗੇ ਹਸਪਤਾਲ, ਸਹੂਲਤਾਂ, ਡਾਕਟਰ, ਅਮਲਾ ਫੈਲਾ ਬਣਾਇਆ ਹੀ ਸਿਰਫ਼ ਉਹਨਾਂ ਲਈ ਸੀ ਜਿਹੜੇ ਇਹਦੀ ਕੀਮਤ ਚੋਖੇ ਪੈਸਿਆਂ ਵਿਚ ਦੇ ਸਕਣ। ਕਿਸੇ ਇੱਕੋ ਸਮੇਂ ਉਹਨਾਂ ਵਿੱਚੋਂ ਕਿੰਨੇ ਬਿਮਾਰ ਹੋ ਸਕਦੇ ਸਨ? ਅੱਜ ਹੋ ਗਏ, ਸੋ ਬਿਸਤਰੇ, ਆਕਸੀਜਨ, ਵੈਂਟੀਲੇਟਰ ਘੱਟ ਗਏ। ਜੇ ਇਹ ਤੰਤਰ ਸਾਰਿਆਂ ਲਈ ਬਣਾਇਆ ਹੁੰਦਾ ਤਾਂ ਇਹ ਅੱਜ ਸਭਨਾਂ ਦੀ ਲੋੜ ਪੂਰੀ ਕਰਦਾ।

ਸਰਕਾਰਾਂ ਇਕ ਝੂਠਾ ਬਿਆਨੀਆ ਸਿਰਜ ਰਹੀਆਂ ਹਨ ਕਿ ਕਿਸੇ ਨੇ ਉਨ੍ਹਾਂ ਨੂੰ ਪਹਿਲੋਂ ਖ਼ਬਰਦਾਰ ਨਹੀਂ ਕੀਤਾ ਕਿ ਬਿਮਾਰੀ ਏਡੀ ਭਿਆਨਕ ਹੋ ਸਕਦੀ ਹੈ। ਦੂਜੇ ਪਾਸੇ ਕਰੋਨਾ ਨੂੰ ਡਰਾਮਾ ਕਹਿਣਾ ਵੀ ਸਰਕਾਰੀ ਬਿਆਨੀਏ ਨੂੰ ਮਜ਼ਬੂਤ ਕਰਨ ਵਰਗਾ ਹੀ ਹੈ। ਮੰਗ ਸਭਨਾਂ ਨੂੰ ਸਿਹਤ, ਸਿੱਖਿਆ, ਰੁਜ਼ਗਾਰ, ਭੋਜਨ ਦੀ ਹੋਣੀ ਚਾਹੀਦੀ ਹੈ। ਫ਼ਰਜ਼ਾਂ ਤੋਂ ਭਗੌੜੀਆਂ ਹੋਈਆਂ ਸਰਕਾਰਾਂ ਨੂੰ ਭੱਜਣ ਲਈ ਕੋਈ ਪਤਲੀ ਗਲੀ ਨਹੀਂ ਛੱਡਣੀ ਚਾਹੀਦੀ। ਵਿਗਿਆਨੀ ਕਹਿ ਰਹੇ ਹਨ ਕਰੋਨਾ ਨੇ ਲੰਮਾ ਸਮਾਂ ਸਾਡੇ ਨਾਲ ਰਹਿਣਾ ਹੈ, ਅਤੇ ਇਹਦੇ ਹੋਰ ਰਿਸ਼ਤੇਦਾਰ ਵਾਇਰਸ ਵੀ ਢੁੱਕ ਸਕਦੇ ਹਨ। ਕਰੋਨਾ ਹਕੂਮਤ, ਸਮਾਜ, ਆਰਥਿਕਤਾ ਅਤੇ ਰਾਜਨੀਤੀ ਨੂੰ ਹੀ ਨਹੀਂ, ਨਿੱਜ ਨੂੰ ਮੁੜ ਪ੍ਰੀਭਾਸ਼ਿਤ ਕਰਦਾ ਯੰਤਰ ਹੋ ਨਿਬੜੇ, ਇਹੀ ਆਸ ਹੈ। ਇਹ ਨਿਬੇੜੇ ਕਿ, ਕਿਸ ਨੇ ਕਦੋਂ ਕੀ ਕਰਨਾ ਸੀ ਤਾਂ ਜੋ ਹਜ਼ਾਰਾਂ ਅਜਾਈਂ ਮੌਤ ਨਾ ਮਰਦੇ, ਲੋਕਾਂ ਦੀਆਂ ਅਦਾਲਤਾਂ ਵਿਚ ਵੀ ਹੋਣਗੇ, ਅਤੇ ਵਿਗਿਆਨ ਨੂੰ ਸਮਝਦਿਆਂ ਸਮਾਜ ਨਾਲ ਖੜ੍ਹਨ ਵਾਲਿਆਂ ਬਾਰੇ ਢਾਡੀਆਂ ਦੀਆਂ ਵਾਰਾਂ ਵਿੱਚ ਵੀ। ਅਸੀਂ ਕਦੀ ਵੀ ਕੁਝ ਵੀ ਨਹੀਂ ਭੁੱਲਾਂਗੇ। ਸਭ ਯਾਦ ਰਹੇਗਾ।

ਐੱਸ ਪੀ ਸਿੰਘ

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਨੂੰ ਨਿਰਮਲ ਕੁਟੀਆ ਜੌਹਲਾਂ ਦੇ ਮੁਖੀ ਦੀ ਮਾਨਤਾ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ - ਸੰਤ ਸਮਾਜ

**ਜਲੰਧਰ (ਪ੍ਰਭਸਿਮਰਨ ਪਾਲ ਸਿੰਘ)** ਨਿਰਮਲ ਕੁਟੀਆ ਜੌਹਲਾਂ ਸਬੰਧੀ ਚਲ ਰਹੇ ਬੇਲੋੜੇ ਵਿਵਾਦ ਸਬੰਧੀ ਨਿਰਮਲ ਭੇਖ ਅਤੇ ਸੰਤ ਸਮਾਜ ਦੇ ਮਹਾਂਪੁਰਖਾਂ ਦੀ ਇਕ ਮੀਟਿੰਗ ਅੱਜ ਨਿਰਮਲ ਕੁਟੀਆ ਜੌਹਲਾਂ ਵਿਖੇ ਹੋਈ। ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਵੱਲੋ ਸੰਤ ਬਾਬਾ ਜੀਤ ਸਿੰਘ ਮੁਖੀ ਨਿਰਮਲ ਕੁਟੀਆ ਜੌਹਲਾਂ ਬਾਰੇ ਲਏ ਗਏ ਇਕ ਪਾਸੜ ਫੈਸਲੇ ਨੂੰ ਇਨਸਾਫ ਦੇ ਵਿਰੁੱਧ ਦੱਸਿਆ ਗਿਆ ਤੇ ਇਸ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਸੰਤ ਸਮਾਜ ਅਤੇ ਸੰਗਤਾ ਪੰਚਾਇਤੀ ਅਖਾੜੇ ਹਰਿਦੁਆਰ ਦਾ ਸਤਿਕਾਰ ਤਾਂ ਕਰਦੇ ਹਨ ਪਰ ਓਹਨਾ ਵੱਲੋ ਲਏ ਗਏ ਇਕ ਪਾਸੜ ਫੈਸਲੇ ਨਾਲ ਸਹਿਮਤ ਨਹੀਂ ਹਨ। ਇਹ ਫੈਸਲਾ ਡੇਰੇ ਦੀ ਪਰਚਲਿਤ ਮਰਯਾਦਾ ਦੇ ਉਲਟ ਹੈ। ਫੈਸਲੇ ਵਿਚ ਜਿਹਨਾਂ ਨੂੰ ਸਮਰਥਕ ਕਿਹਾ ਜਾ ਰਿਹਾ ਹੈ ,ਓਹ ਇਸ ਮਹਾਨ ਡੇਰੇ ਨਾਲ ਪੀੜ੍ਹੀ ਦਰ ਪੀੜ੍ਹੀ ਜੁੜੀਆ ਸੰਗਤਾ ਹਨ। ਜਿਹਨਾਂ ਦੇ ਮਨ ਨੂੰ ਇਸ ਫੈਸਲੇ ਨਾਲ ਭਾਰੀ ਠੇਸ ਪਹੁੰਚੀ ਹੈ। ਸੰਤ ਬਾਬਾ ਗਿਆਨ ਸਿੰਘ ਜੀ, ਸੰਤ ਬਾਬਾ ਹਰਭਜਨ ਸਿੰਘ ਵਿਰਕਤ ਜੀ ਨਿਰਮਲ ਕੁਟੀਆ ਜੌਹਲਾਂ ਦੀ ਦਸਤਾਰਬੰਦੀ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਸੰਪ੍ਰਦਾਇ ਦੇ ਮੁਖੀ ਸੰਤ ਬਾਬਾ ਰੋਸ਼ਨ ਸਿੰਘ ਜੀ ਵੱਲੋ ਕੀਤੀ ਗਈ ਸੀ। ਏਸੇ ਤਰਾਂ ਸੰਤ ਬਾਬਾ ਜੀਤ ਸਿੰਘ ਜੀ ਦੀ ਦਸਤਾਰਬੰਦੀ ਸੰਤ ਬਾਬਾ ਰੋਸ਼ਨ ਸਿੰਘ ਜੀ ਵੱਲੋ ਹੋਰ ਅਨੇਕਾਂ ਮਹਾਪੁਰਸ਼ ਅਤੇ ਹਜ਼ਾਰਾ ਸੰਗਤਾ ਦੀ ਗਿਣਤੀ ਵਿਚ ਕੀਤੀ ਗਈ ਸੀ। ਇਸ ਤਰਾ ਪੰਚਾਇਤੀ ਅਖਾੜਾ ਹਰਿਦੁਆਰ ਨੂੰ ਸੰਤ ਬਾਬਾ ਜੀਤ ਸਿੰਘ ਜੀ ਦੀ ਨਿਯੁਕਤੀ ਰੱਦ ਕਰਨ ਅਤੇ ਬਤੌਰ ਮੁਖੀ ਅਧਿਕਾਰ ਵਾਪਿਸ ਲੈਣ ਦਾ ਕੋਈ ਅਧਿਕਾਰ ਨਹੀਂ ਹੈ । ਸਾਧੂ ਸਮਾਜ ਅਤੇ ਸੰਗਤਾ ਨੇ ਇਸ ਫੈਸਲੇ ਦੀ ਪੁਰਜੋਰ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਉਹ ਸੰਤ ਜੀਤ ਸਿੰਘ ਨਿਰਮਲ ਕੁਟੀਆ ਜੌਹਲਾਂ ਨਾਲ ਖੜੇ ਅਤੇ ਸਹਿਮਤ ਹਨ। ਮਹਾਪੁਰਸ਼ਾ ਨੇ ਕਿਹਾ ਕਿ ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਦੇ ਸਕੱਤਰ ਦਵਿੰਦਰ ਸਿੰਘ ਵੱਲੋ ਸੰਤ ਬਾਬਾ ਜੀਤ ਸਿੰਘ ਬਾਰੇ ਰਿਪੋਰਟ ਮੀਡੀਆ ਵਿਚ ਦਿੱਤੀ ਗਈ ਹੈ, ਉਸ ਨਾਲ ਸੰਤ ਸਮਾਜ ਦੇ ਮਨਾਂ ਨੂੰ ਬਹੁਤ ਠੇਸ ਪਹੁੰਚੀ ਹੈ। ਮੀਟਿੰਗ ਵਿੱਚ ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਕਲੇਰਾ ਵਾਲੇ, ਬਾਬਾ ਗੁਰਦੇਵ ਸਿੰਘ



ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ, ਸੰਤ ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ ਵਾਲੇ, ਸ੍ਰੀ ਮਹੰਤ ਰੇਸ਼ਮ ਸਿੰਘ, ਮਹੰਤ ਗੋਪਾਲ ਸਿੰਘ ਕੋਠਾਰੀ, ਮਹੰਤ ਜਗਤਾਰ ਸਿੰਘ, ਮਹੰਤ ਸੰਤੋਖ ਸਿੰਘ, ਮਹੰਤ ਹਾਕਮ ਸਿੰਘ, ਸੰਤ ਬਾਬਾ ਪ੍ਰੀਤਮ ਸਿੰਘ ਡੋਮੇਲੀ ਵਾਲੇ, ਬਾਬਾ ਗੁਰਮੀਤ ਸਿੰਘ ਗੁਰੂਦਵਾਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵਾਲੇ, ਮਹੰਤ ਵਿਕਰਮਜੀਤ ਸਿੰਘ ਡੇਰਾ ਬਿਸ਼ਨਪੁਰੀ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਬਲਬੀਰ ਸਿੰਘ ਟਿੱਬਾ ਸਾਹਿਬ , ਸੰਤ ਪ੍ਰੀਤਮ ਸਿੰਘ ਬਾੜੀਆ, ਮਹੰਤ ਪ੍ਰੇਮ ਸਿੰਘ ਏਕੜਕਲਾ ਹਰਿਦੁਆਰ , ਭਾਈ ਅਵਤਾਰ ਸਿੰਘ ਨਾਨਕਸਰ ਕਰਨਾਲ , ਸੰਤ ਅਰਜਨ ਸਿੰਘ ਆਲਮਪੁਰ ਕੋਲੀ, ਮਹੰਤ ਸ਼ਾਮ ਸੁੰਦਰ ਸਿੰਘ ਸ਼ਾਸਤਰੀ, ਸੰਤ ਸੰਤੋਖ ਸਿੰਘ ਦਿਆਲਪੁਰ, ਸੰਤ ਮਹਾਂਵੀਰ ਸਿੰਘ ਤਾਜੇਵਾਲ ਆਦਿ ਮੁੱਖ ਤੌਰ ਤੇ ਸ਼ਾਮਿਲ ਸਨ। ਇਸ ਤੋਂ ਇਲਾਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਅਤੇ ਬਾਬਾ ਅਵਤਾਰ ਸਿੰਘ ਦਲ ਬਾਬਾ ਬਿਧੀ ਚੰਦ ਸੁਰ ਸਿੰਘ ਵਾਲਿਆਂ ਵੱਲੋ ਵੀ ਸੰਤ ਬਾਬਾ ਜੀਤ ਸਿੰਘ ਦਾ ਸਮਰਥਨ ਕੀਤਾ ਗਿਆ ਹੈ ।

# ਕੋਟਕਪਰਾ ਗੋਲੀ ਕਾਂਡ: ਨਵੀਂ ਜਾਂਚ ਟੀਮ ਵੱਲੋਂ ਪੜਤਾਲ ਸ਼ੁਰੂ

## ਘਟਨਾ ਸਥਾਨ ਦਾ ਦੌਰਾ; ਪੀੜਤਾਂ ਦੀਆਂ ਮੈਡੀਕਲ ਰਿਪੋਰਟਾਂ ਤੇ ਕੁਝ ਰਿਕਾਰਡ ਕਬਜ਼ੇ ਵਿਚ ਲਿਆ

**ਫ਼ਰੀਦਕੋਟ।** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਲਈ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀ ਗਈ ਨਵੀਂ ਜਾਂਚ ਟੀਮ ਨੇ ਅੱਜ ਇਸ ਮਾਮਲੇ ਦੀ ਬਕਾਇਦਾ ਤੌਰ ’ਤੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮ ਦੇ ਮੁਖੀ ਏਡੀਜੀਪੀ ਐੱਲਕੇ ਯਾਦਵ, ਫ਼ਰੀਦਕੋਟ ਰੇਂਜ ਦੇ ਡੀਆਈਜੀ ਸੁਰਜੀਤ ਸਿੰਘ ਅਤੇ ਲੁਧਿਆਣਾ ਦੇ ਪੁਲੀਸ ਕਮਿਸ਼ਨਰ ਰਾਕੇਸ਼ ਅਗਰਵਾਲ ਅੱਜ ਫ਼ਰੀਦਕੋਟ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ’ਤੇ ਗਏ ਅਤੇ ਉਨ੍ਹਾਂ ਉਸ ਥਾਂ ਦਾ ਦੌਰਾ ਕੀਤਾ ਜਿੱਥੇ 14 ਅਕਤੂਬਰ 2015 ਨੂੰ ਸਵੇਰੇ ਪੁਲੀਸ ਨੇ ਧਰਨਾਕਾਰੀਆਂ ਉੱਪਰ ਗੋਲੀਆਂ ਚਲਾਈਆਂ ਸਨ। ਜਾਂਚ ਟੀਮ ਦੇ ਕਿਸੇ ਵੀ ਮੈਂਬਰ ਨੇ ਇਸ ਫੇਰੀ ਦੌਰਾਨ ਕੋਈ ਗੱਲਬਾਤ ਸਾਂਝੀ ਨਹੀਂ ਕੀਤੀ। ਜਾਂਚ ਟੀਮ ਦੀ ਫੇਰੀ ਨੂੰ ਬੇਹੱਦ ਗੁਪਤ ਰੱਖਿਆ ਗਿਆ ਸੀ। ਜਾਂਚ ਟੀਮ ਦੇ ਮੈਂਬਰਾਂ ਨੇ ਕੋਟਕਪੂਰਾ ਗੋਲੀ ਕਾਂਡ ਸਬੰਧੀ ਕੁਝ ਰਿਕਾਰਡ ਨੂੰ ਵੀ ਆਪਣੇ ਕਬਜ਼ੇ ਵਿੱਚ ਲਿਆ ਹੈ। ਜਿਸ ਵਿੱਚ ਜ਼ਖ਼ਮੀ ਵਿਅਕਤੀਆਂ ਦੀਆਂ ਮੈਡੀਕਲ ਰਿਪੋਰਟਾਂ ਵੀ ਸ਼ਾਮਲ ਹਨ। ਜਾਂਚ ਟੀਮ ਨੇ ਥਾਣਾ ਸਿਟੀ ਕੋਟਕਪੂਰਾ ਦਾ ਵੀ ਦੌਰਾ ਕੀਤਾ। ਜੋ ਘਟਨਾ ਸਥਾਨ ਦੇ ਬਿਲਕੁਲ ਨਜ਼ਦੀਕ ਹੈ। ਥਾਣੇ ਵਿੱਚੋਂ ਵੀ ਜਾਂਚ ਟੀਮ ਨੇ ਕੁਝ ਰਿਕਾਰਡ ਨੂੰ ਪੜਤਾਲ ਲਈ ਆਪਣੇ ਕਬਜ਼ੇ ਵਿੱਚ ਲਿਆ ਹੈ। ਦੱਸਣਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 9 ਅਪਰੈਲ ਨੂੰ ਕੋਟਕਪੂਰਾ ਗੋਲੀ ਕਾਂਡ ਦੀ ਸਮੁੱਚੀ ਪੜਤਾਲ ਰਿਪੋਰਟ ਰੱਦ ਕਰ ਦਿੱਤੀ ਸੀ ਅਤੇ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਨੂੰ ਵੀ ਜਾਂਚ ਤੋਂ ਲਾਂਭੇ ਕਰਨ ਦੇ ਆਦੇਸ਼ ਦਿੱਤੇ ਸਨ ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ 7 ਮਈ 2021 ਨੂੰ ਨਵੀਂ ਜਾਂਚ ਟੀਮ ਗਠਿਤ ਕਰ ਦਿੱਤੀ ਸੀ। ਇਹ ਜਾਂਚ ਟੀਮ ਛੇ ਮਹੀਨਿਆਂ ਵਿੱਚ ਆਪਣੀ ਪੜਤਾਲ ਰਿਪੋਰਟ ਫ਼ਰੀਦਕੋਟ ਦੀ ਅਦਾਲਤ ਨੂੰ ਸੌਂਪੇਗੀ। ਗ੍ਰਹਿ ਵਿਭਾਗ ਦੇ ਹੁਕਮਾਂ ਮੁਤਾਬਕ ਨਵੀਂ ਜਾਂਚ ਟੀਮ ਕੋਟਕਪੂਰਾ ਗੋਲੀ ਕਾਂਡ ਸੰਬੰਧੀ ਦਰਜ ਹੋਈ ਐੱਫਆਈਆਰ ਨੰ: 192 ਮਿਤੀ 14-10-2015 ਅਤੇ ਐੱਫਆਈਆਰ ਨੰ: 129 ਮਿਤੀ 07-08-2018 ਦੀ ਪੜਤਾਲ ਕਰੇਗੀ। ਨਵੀਂ ਜਾਂਚ ਟੀਮ ਦਾ ਫ਼ਰੀਦਕੋਟ ਵਿੱਚ ਕੈਂਪ ਦਫ਼ਤਰ ਹੋਵੇਗਾ।



**ਬਹਿਬਲ ਗੋਲੀ ਕਾਂਡ ਦੀ ਸੁਣਵਾਈ ਮੁਲਤਵੀ :** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ 2 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਕਰੋਨਾ ਕਾਰਨ ਹਾਈਕੋਰਟ ਅਣਮਿੱਥੇ ਸਮੇਂ ਲਈ ਬੰਦ ਹੈ। ਬਹਿਬਲ ਗੋਲੀ ਕਾਂਡ ਵਿੱਚ ਨਾਮਜ਼ਦ ਮੁਲਜ਼ਮਾਂ ਨੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਨੂੰ ਹਾਈਕੋਰਟ ਵਿੱਚ ਚੁਣੌਤੀ ਦੇ ਕੇ ਇਸ ਨੂੰ ਪੱਖਪਾਤੀ ਦੱਸਦਿਆਂ ਰੱਦ ਕਰਨ ਦੀ ਮੰਗ ਕੀਤੀ ਹੈ।

# ਮੇਲਿਆਂ ਅਤੇ ਧਾਰਨਿਆਂ ਦੇ ਬਾਦਸ਼ਾਹ ਲੋਕ ਗਾਇਕ ਦਲਵਿੰਦਰ ਦਿਆਲਪਰੀ ਵਤਨ ਪਰਤੇ

**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ) ਮੇਲਿਆਂ ਅਤੇ ਧਰਨਿਆਂ ਦੇ ਬਾਦਸ਼ਾਹ** ਦਲਵਿੰਦਰ ਦਿਆਲਪੁਰੀ ਇੰਗਲੈਂਡ ਦੇ ਵਿਦੇਸ਼ੀ ਦੌਰੇ ਤੋਂ ਆਪਣੇ ਵਤਨ ਭਾਰਤ ਅੱਜ ਪਹੁੰਚ ਗਏ ਹਨ। ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਇਹ ਇੰਗਲੈਂਡ ਦੀ ਤੀਜੀ ਵਿਦੇਸ਼ ਯਾਤਰਾ ਸੀ ਤੇ ਉਹ ਇਸ ਵਾਰ ਯੂਰੋ ਵੁੱਡ ਕੰਪਨੀ ਯੂਕੇ ਦੇ ਸੱਦੇ 'ਤੇ ਗਏ ਸੀ। ਉਥੇ ਉਨ੍ਹਾਂ ਨੇ ਇਕ ਪੰਜਾਬੀ ਗੀਤ "ਤੇਰੀ ਮੇਰੀ ਗੱਲ" ਦੀ ਸ਼ੂਟਿੰਗ ਵੀ ਕੀਤੀ ਲੰਡਨ, ਸਾਊਥ ਹਾਲ, ਲੀਸਟਰ, ਮਾਨਚੈਸਟਰ ਸ਼ਹਿਰਾਂ 'ਚ ਪੰਜਾਬੀ ਭਾਈਚਾਰਾ ਸੰਗੀਤਕ ਮਹਿਫ਼ਲਾਂ ਵੀ ਸਜਾਈਆਂ। ਯੂ.ਕੇ. ਦੇ ਸਿਹਤ ਵਿਭਾਗ ਅਤੇ ਯੂ.ਕੇ. ਬਾਰਡਰ



ਪੁਲੀਸ ਦੇ ਆਦੇਸ਼ਾ ਅਨੁਸਾਰ 10 ਦਿਨ ਇਕਾਂਤਵਾਸ ਵੀ ਰਿਹਾਂ। ਇੰਦਰਾ ਗਾਂਧੀ ਹਵਾਈ ਅੱਡਾ ਨਵੀਂ ਦਿੱਲੀ ਕੋਰੋਨਾ ਟੈਸਟ ਕਰਵਾ ਕੇ (ਨੈਗੇਟਿਵ) ਭਾਰਤ ਦੀ ਧਰਤੀ ਤੇ ਪੈਰ ਧਰਿਆ। ਉਨ੍ਹਾਂ ਨੇ ਦੱਸਿਆ ਕਿ ਇੰਗਲੈਂਡ ਵਾਸੀ ਕੋਰੋਨਾ ਮਹਾਂਮਾਰੀ ਦੇ ਨਿਯਮਾਂ ਨੂੰ ਬਹੁਤ ਹੀ ਸਖ਼ਤੀ ਨਾਲ ਪਾਲਣਾ ਕਰਦੇ ਹਨ। ਇਸ ਕਰਕੇ ਉੱਥੇ ਇਸ ਬੀਮਾਰੀ ਨੂੰ ਠੱਲ੍ਹ ਪਾਈ ਹੋਈ ਹੈ। ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਖ਼ਾਸ ਕਰ ਕੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਆਪਾਂ ਵੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਦੇ ਨਿਯਮਾਂ ਦੀ ਵੱਧ ਤੋਂ ਵੱਧ ਪਾਲਣਾ ਕਰ ਕੇ ਇਹ ਜੰਗ ਨੂੰ ਜ਼ਰੂਰ ਜਿੱਤੀਏ।

# ਪੰਜਾਬ ’ਚ ਖ਼ਰਾਬ ਵੈਂਟੀਲੇਟਰ ਭੇਜਣ ਦੀਆਂ ਰਿਪੋਰਟਾਂ ਕੇਂਦਰ ਨੇ ਨਕਾਰੀਆਂ

**ਫ਼ਰੀਦਕੋਟ।** ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਪ੍ਰਧਾਨ ਮੰਤਰੀ ਕੇਅਰਜ਼ ਫੰਡ ਵਿੱਚੋਂ ਭੇਜੇ ਗਏ ਮਾੜੀ ਕਿਸਮ ਦੇ ਵੈਂਟੀਲੇਟਰਾਂ ਦਾ ਮੁੱਦਾ ਭਖ਼ਣ ਮਗਰੋਂ ਅੱਜ ਕੇਂਦਰੀ ਸਿਹਤ ਵਿਭਾਗ ਨੇ ਬਿਆਨ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਜੋ ਵੈਂਟੀਲੇਟਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਨੂੰ ਭੇਜੇ ਗਏ ਸਨ, ਉਹ ਪੂਰੀ ਤਰ੍ਹਾਂ ਮਿਆਰੀ, ਤਸੱਲੀਬਖ਼ਸ਼ ਅਤੇ ਵਰਤਣਯੋਗ ਹਨ।

ਕੇਂਦਰੀ ਸਿਹਤ ਮੰਤਰਾਲੇ ਅਨੁਸਾਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਕਾਰਨ ਜੀਵਨ ਰੱਖਿਅਕ ਮਸ਼ੀਨਾਂ ਖ਼ਰਾਬ ਹੋਈਆਂ ਹਨ। ਮੰਤਰਾਲੇ ਨੇ ਕਿਹਾ ਕਿ ਹਸਪਤਾਲਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਅਪਰੈਲ 2020 ਤੋਂ ਵੈਂਟੀਲੇਟਰਾਂ ਸਮੇਤ ਲੋੜੀਂਦੇ ਮੈਡੀਕਲ ਉਪਕਰਨ ਖਰੀਦਦੀ ਰਹੀ ਹੈ ਅਤੇ ਇਨ੍ਹਾਂ ਨੂੰ ਸੂਬਿਆਂ/ਕੇਂਦਰ ਸ਼ਾਸਤ ਪ੍ਰਦੇਸ਼ਾਂ/ਕੇਂਦਰੀ ਹਸਪਤਾਲਾਂ/ਸੰਸਥਾਵਾਂ ਨੂੰ ਮੁਹੱਈਆ ਕਰਵਾਉਂਦੀ ਰਹੀ ਹੈ। ਭਾਰਤ ਸਰਕਾਰ ਨੇ ਮੀਡੀਆ ਵਿੱਚ ਆਈਆਂ ਰਿਪੋਰਟਾਂ ਕਿ 80 ’ਚੋਂ 71 ਐਗਵਾ ਵੱਲੋਂ ਤਿਆਰ ਵੈਂਟੀਲੇਟਰ ਹਸਪਤਾਲ ਵਿੱਚ ਬੇਕਾਰ ਪਏ ਹਨ, ਸਬੰਧੀ ਸਪੱਸ਼ਟ ਕੀਤਾ ਕਿ 88 ਵੈਂਟੀਲੇਟਰ ਭਾਰਤ ਇਲੈਕਟ੍ਰਾਨਿਕਸ ਅਤੇ ਪੰਜ ਐਗਵਾ ਵੱਲੋਂ ਸਪਲਾਈ ਕੀਤੇ ਗਏ ਹਨ। ਇਨ੍ਹਾਂ ਵੈਂਟੀਲੇਟਰਾਂ ਨੂੰ ਸਥਾਪਤ ਤੇ ਸ਼ੁਰੂ ਕਰਨ ਮਗਰੋਂ ਹਸਪਤਾਲ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਸਬੰਧੀ ਅੰਤਿਮ ਸਵੀਕਾਰਯੋਗ ਸਰਟੀਫਿਕੇਟ ਜਾਰੀ ਕੀਤੇ ਗਏ ਸਨ। ਸਰਕਾਰੀ ਬੁਲਾਰੇ ਅਨੁਸਾਰ ਮਾਮਲਾ ਭਖ਼ਣ ਮਗਰੋਂ ਵੈਂਟੀਲੇਟਰ ਦੇ ਮਾਹਿਰ ਇੰਜਨੀਅਰਾਂ ਨੇ ਹਸਪਤਾਲ ’ਚ ਵੈਂਟੀਲੇਟਰਾਂ ਦੀ ਜਾਂਚ ਕੀਤੀ ਅਤੇ ਪੰਜ ਵੈਂਟੀਲੇਟਰ ਚਲਾ ਕੇ ਦਿਖਾਏ। ਸਿਹਤ ਵਿਭਾਗ ਅਨੁਸਾਰ ਸਰਕਾਰ ਵੱਲੋਂ ਭੇਜੇ ਵੈਂਟੀਲੇਟਰਾਂ ਨੂੰ ਚਲਾਉਣ ਤੋਂ ਪਹਿਲਾਂ ਫਲੋਅ ਸੈਂਸਰ, ਬੈਕਟੀਰੀਆ ਫਿਲਟਰ ਅਤੇ ਐੱਚ.ਐੱਮ.ਈ ਫਿਲਟਰ ਬਦਲਣੇ ਜ਼ਰੂਰੀ ਸਨ ਤਾਂ ਕਿ ਵੈਂਟੀਲੇਟਰ ਨੂੰ ਗੈਸ, ਹਵਾ ਤੇ ਆਕਸੀਜਨ ਦਾ ਸਹੀ ਪ੍ਰੈੱਸ਼ਰ ਮਿਲ ਸਕੇ ਪਰ ਫ਼ਰੀਦਕੋਟ ਮੈਡੀਕਲ ਕਾਲਜ ਦੇ ਅਧਿਕਾਰੀਆਂ ਨੇ ਵੈਂਟੀਲੇਟਰਾਂ ਵਿੱਚ ਇਹ ਤਬੀਦੀਲੀਆਂ ਨਹੀਂ ਕੀਤੀਆਂ, ਇਸੇ ਕਰਕੇ ਵੈਂਟੀਲੇਟਰ ਚਲਾਏ ਨਹੀਂ ਜਾ ਸਕੇ।

ਕੇਂਦਰੀ ਸੰਯੁਕਤ ਸਕੱਤਰ ਡਾ. ਮਨਦੀਪ ਕੇ. ਭੰਡਾਰੀ ਨੇ ਕਿਹਾ ਕਿ ਹਸਪਤਾਲਾਂ ਵਿੱਚ ਮਾਹਿਰ ਸਟਾਫ਼ ਅਤੇ ਤਜਰਬੇ ਦੀ ਘਾਟ ਕਾਰਨ ਵੈਂਟੀਲੇਟਰ ਚਲਾਉਣ ਵਿੱਚ ਸਮੱਸਿਆ ਆਈ ਹੈ। ਉਨ੍ਹਾਂ ਕਿਹਾ ਕਿ ਜੇ ਕਿਸੇ ਵੀ ਸੂਬੇ ਦੇ ਵੈਂਟੀਲੇਟਰਾਂ ਵਿੱਚ ਕੋਈ ਨੁਕਸ ਪੈਂਦਾ ਹੈ ਤਾਂ ਬੀਈਐੱਲ ਕੰਪਨੀ ਆਪਣੇ ਮਾਹਿਰਾਂ ਰਾਹੀਂ ਇਨ੍ਹਾਂ ਨੁਕਸਾਂ ਨੂੰ ਤੁਰੰਤ ਦੂਰ ਕਰਨ ਦੀ ਪਾਬੰਦ ਹੈ। ਜਾਣਕਾਰੀ ਅਨੁਸਾਰ



ਕੇਂਦਰ ਸਰਕਾਰ ਵੱਲੋਂ ਸੱਤ ਸੂਬਿਆਂ ਨੂੰ ਕਰੋਨਾ ਦੌਰਾਨ ਜਿਹੜੇ ਵੈਂਟੀਲੇਟਰ ਭੇਜੇ ਗਏ ਸਨ, ਉਹ ਅਜੇ ਤੱਕ ਚੱਲ ਨਹੀਂ ਸਕੇ। ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਨੇ ਲਿਖਤੀ ਤੌਰ ’ਤੇ ਦਾਅਵਾ ਕੀਤਾ ਸੀ ਕਿ ਜਿਹੜੇ ਵੈਂਟੀਲੇਟਰ ਉਨ੍ਹਾਂ ਨੂੰ ਭੇਜੇ ਗਏ ਹਨ, ਉਹ ਮਾੜੀ ਕਿਸਮ ਦੇ ਹਨ।

**ਬੀਈਐੱਲ ਦੇ ਇੰਜਨੀਅਰਾਂ ਵੱਲੋਂ ਮੁੜ ਹਸਪਤਾਲ ਦਾ ਦੌਰਾ**

ਸਿਹਤ ਮੰਤਰਾਲੇ ਦੇ ਬਿਆਨ ਮੁਤਾਬਕ ਬੀਈਐੱਲ ਦੇ ਇੰਜਨੀਅਰਾਂ ਨੇ ਅੱਜ ਮੁੜ ਹਸਪਤਾਲ ਦਾ ਦੌਰਾ ਕੀਤਾ ਤੇ ਪੰਜ ਵੈਂਟੀਲੇਟਰ ਕੁਝ ਚੀਜ਼ਾਂ ਨੂੰ ਬਦਲ ਕੇ ਦਰੁਸਤ ਕਰ ਦਿੱਤੇ, ਜੋ ਇਸ ਗੱਲ ਦਾ ਸਬੂਤ ਹੈ ਕਿ ਜੇ ਵੈਂਟੀਲਟੇਰ ਸਹੀ ਢੰਗ ਨਾਲ ਵਰਤੇ ਜਾਣਗੇ ਤਾਂ ਵਧੀਆ ਕਾਰਗੁਜ਼ਾਰੀ ਦੇਣਗੇ। ਮੰਤਰਾਲੇ ਨੇ ਕਿਹਾ ਕਿ ਪੰਜਾਬ ਵਿੱਚ ਕਈ ਹਸਪਤਾਲਾਂ ਤੇ ਮੈਡੀਕਲ ਕਾਲਜਾਂ ਵਿੱਚ ਸਬੰਧਤ ਮਹੱਤਵਪੂਰਨ ਗੱਲਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਤੇ ਇਸ ਦੀ ਥਾਂ ਉਹ ਖ਼ਰਾਬ ਵੈਂਟੀਲਟਰ ਦੇਣ ਦੀ ਗੱਲ ਕਹਿ ਰਹੇ ਹਨ, ਜਿਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਕੇਂਦਰ ਸਰਕਾਰ ਨੇ ਸਪੱਸ਼ਟ ਕੀਤਾ ਕਿ ਬੀਈਐੱਲ ਸੂਬੇ ਨੂੰ ਜ਼ਰੂਰੀ ਸਾਰੀ ਤਕਨੀਕੀ ਮਦਦ ਉਪਲੱਬਧ ਕਰਵਾਉਣਾ ਜਾਰੀ ਰੱਖੇਗੀ।

# ਬਾਬਾ ਬਲਵੰਤ ਸਿੰਘ ਹਸਪਤਾਲ ਵਲੋਂ ਰਵਾਨਾ ਕੀਤੀ ਗਈ ਫ੍ਰੀ ਆਕਸੀਜਨ ਔਨ ਵੀਲਸ ਐਂਬੂਲੈਂਸ

**ਟਾਂਡਾ ਉੜਮੁੜ (ਜਸਵੀਰ ਸਿੰਘ ਪੁਰੇਵਾਲ)** ਕੋਰੋਨਾ ਦੇ ਮਰੀਜ਼ਾਂ ਦੀ ਸੇਵਾ ਅਤੇ ਮਨੁੱਖਤਾ ਦੇ ਭਲੇ ਲਈ ਸੰਤ ਬਾਬਾ ਗੁਰਦਿਆਲ ਸਿੰਘ ਜੀ ਅਤੇ ਬਾਬਾ ਬਲਵੰਤ ਸਿੰਘ ਮੈਮੋਰੀਅਲ ਹਸਪਤਾਲ ਇਕ ਨਵੇਕਲੀ ਪਹਿਲ ਕਰਦੇ ਹੋਏ ਫ੍ਰੀ ਆਕਸੀਜਨ ਔਨ ਵੀਲਸ ਦੀ ਮੁਹਿੰਮ ਦੀ ਆਰੰਭਤਾ ਕੀਤੀ ਹੈ। ਇਸ ਮੁਹਿੰਮ ਤਹਿਤ ਅਤੇ ਐਂਬੂਲੈਂਸ ਕੋਰੋਨਾ ਦੇ ਮਰੀਜ਼ਾਂ ਲਈ ਰਵਾਨਾ ਕਰਦਿਆਂ ਸੰਤ ਬਾਬਾ ਗੁਰਦਿਆਲ ਸਿੰਘ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਰਣਜੀਤ ਸਿੰਘ ਨੇ ਦੱਸਿਆ ਕਿ ਇਹ ਐਂਬੂਲੈਂਸ ਰਾਹੀਂ ਕੋਰੋਨਾ ਦੇ ਮਰੀਜ਼ਾ ਨੂੰ ਬਚਾਉਣ ਲਈ ਇਕ ਵੱਡਾ ਮੀਲ ਦਾ ਪੱਥਰ ਸਾਬਤ ਹੋਵੇਗੀ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਦੇਸ਼ ਭਰ ਅੰਦਰੋਂ ਕੋਰੋਨਾ ਦੇ ਮਰੀਜ਼ਾਂ ਨੂੰ ਕੋਵਿਡ ਸੈਂਟਰਾਂ ਤੱਕ ਪਹੁੰਚਾਉਣ ਲਈ ਐਂਬੂਲੈਂਸਾਂ ਵਲੋਂ ਲੱਖਾਂ ਰੁਪਏ ਕਿਰਾਏ ਹਾਸਿਲ ਕਰ ਕੇ ਕਥਿਤ ਤੌਰ ‘ਤੇ ਮਰੀਜ਼ਾਂ ਦੀ ਲੁੱਟ ਮਾਰ ਕੀਤੀ ਜਾਂਦੀ ਸੀ।




# ਕੋਵਿਡ: ਟੀਕਾਕਰਨ ਬਾਰੇ ਮਾਹਿਰਾਂ ਵੱਲੋਂ ਨਵੀਆਂ ਹਦਾਇਤਾਂ ਜਾਰੀ

## ਐੱਨਟੀਏਜੀਆਈ ਨੇ ਕੋਵੀਸ਼ੀਲਡ ਦੀ ਦੂਜੀ ਖ਼ੁਰਾਕ 12 ਤੋਂ 16 ਹਫ਼ਤਿਆਂ ’ਚ ਲੈਣ ਸਮੇਤ ਹੋਰ ਕਈ ਸਿਫਾਰਸ਼ਾਂ


**ਨਵੀਂ ਦਿੱਲੀ।** ਟੀਕਾਕਰਨ ਬਾਰੇ ਕੌਮੀ ਤਕਨੀਕੀ ਮਾਹਿਰਾਂ ਦੇ ਸਮੂਹ (ਐੱਨਟੀਏਜੀਆਈ) ਨੇ ਸੁਝਾਅ ਦਿੱਤਾ ਹੈ ਕਰੋਨਾ ਪਾਜ਼ੇਟਿਵ ਵਿਅਕਤੀ, ਇਸ ਲਾਗ ਤੋਂ ਪੂਰੀ ਤਰ੍ਹਾਂ ਤੰਦਰੁਸਤ ਹੋਣ ਮਗਰੋਂ ਘੱਟੋ-ਘੱਟ ਛੇ ਮਹੀਨਿਆਂ ਦੀ ਵਕਫ਼ੇ ਨਾਲ ਵੈਕਸੀਨ ਲਗਵਾਉਣ। ਮੌਜੂਦਾ ਸਮੇਂ ਇਹ ਮਿਆਦ 14 ਦਿਨਾਂ ਦੀ ਹੈ। ਮਾਹਿਰਾਂ ਦੇ ਸਮੂਹ ਨੇ ਕਿਹਾ ਕਿ ਜਿਨ੍ਹਾਂ ਮਰੀਜ਼ਾਂ ਨੂੰ ਇਲਾਜ ਦੌਰਾਨ ਪਲਾਜ਼ਮਾ ਚੜ੍ਹਿਆ ਹੈ, ਉਹ ਠੀਕ ਹੋਣ ਤੋਂ 12 ਹਫ਼ਤਿਆਂ ਮਗਰੋਂ ਟੀਕੇ ਲਵਾਉਣ। ਉਨ੍ਹਾਂ ਕਿਹਾ ਕਿ ਕੋਵੀਸ਼ੀਲਡ ਦੀ ਦੂਜੀ ਖ਼ੁਰਾਕ ਮੌਜੂਦਾ 6 ਤੋਂ 8 ਹਫ਼ਤਿਆਂ ਦੇ ਵਕਫ਼ੇ ਦੀ ਥਾਂ 12 ਤੋਂ 16 ਹਫ਼ਤਿਆਂ ਅੰਦਰ ਵੀ ਲਵਾਈ ਜਾ ਸਕਦੀ ਹੈ। ਅਜਿਹੇ ਲੋਕ ਜੋ ਅਕਸਰ ਗੰਭੀਰ ਬਿਮਾਰ ਰਹਿੰਦੇ ਹਨ, ਤੰਦਰੁਸਤ ਹੋਣ ਮਗਰੋਂ ਚਾਰ ਤੋਂ ਅੱਠ ਹਫ਼ਤਿਆਂ ਅੰਦਰ ਟੀਕਾ ਲਵਾ ਸਕਦੇ ਹਨ। ਐੱਨਟੀਏਜੀਆਈ ਵੱਲੋਂ ਕੀਤੀਆਂ ਉਪਰੋਕਤ ਸਿਫਾਰਸ਼ਾਂ ਹੁਣ ਘੋਖ ਲਈ ਵੈਕਸੀਨ ਸੰਚਾਲਨ ਬਾਰੇ ਮਾਹਿਰਾਂ ਦੇ ਕੌਮੀ ਸਮੂਹ (ਐੱਨਈਜੀਵੈਕ) ਨੂੰ ਭੇਜੀਆਂ ਜਾਣਗੀਆਂ, ਜੋ ਅੱਗੋਂ ਇਨ੍ਹਾਂ ਨੂੰ ਪ੍ਰਵਾਨਗੀ ਲਈ ਸਰਕਾਰ ਕੋਲ ਭੇਜੇਗਾ। ਉਂਜ ਇਹ ਸਿਫਾਰਸ਼ਾਂ ਅਜਿਹੇ ਮੌਕੇ ਕੀਤੀਆਂ ਗਈਆਂ ਹਨ, ਜਦੋਂ ਦੇਸ਼ ਵਿੱਚ ਵੈਕਸੀਨ ਦੀ ਵੱਡੀ ਕਿੱਲਤ ਹੈ ਤੇ ਵੈਕਸੀਨ ਦੀ ਦੂਜੀ ਖ਼ੁਰਾਕ ਨਿਰਧਾਰਿਤ ਸਮੇਂ ਨਾਲੋਂ ਪੱਛੜਨ ਲੱਗੀ ਹੈ। ਹਾਲਾਂਕਿ ਇਸ ਗੱਲ ਦੇ ਸਬੂਤ ਮੌਜੂਦ ਹਨ ਕਿ ਜਿਨ੍ਹਾਂ ਲੋਕਾਂ ਨੂੰ ਕਦੇ ਕਰੋਨਾ ਹੋਇਆ ਹੈ, ਉਨ੍ਹਾਂ ਵਿੱਚੋਂ 80 ਫੀਸਦ ਲੋਕਾਂ ਦੇ ਸਰੀਰ ਵਿੱਚ ਕੁਦਰਤੀ ਐਂਟੀਬਾਡੀਜ਼ ਵਿਕਸਤ ਹੋਰ ਜਾਂਦੇ ਹਨ, ਜੋ ਘੱਟੋ-ਘੱਟ ਸੱਤ ਮਹੀਨਿਆਂ ਤੱਕ ਸੁਰੱਖਿਆ ਢਾਲ ਦਿੰਦੇ ਹਨ। ਐੱਨਟੀਏਜੀਆਈ ਨੇ ਕੋਵੀਸ਼ੀਲਡ ਟੀਕੇ ਦੀਆਂ ਦੋ ਖ਼ੁਰਾਕਾਂ ਵਿਚਾਲੇ ਅੰਤਰ ਵਧਾ ਕੇ 12-16 ਹਫ਼ਤੇ ਕਰਨ ਦੀ ਸਿਫ਼ਾਰਸ਼ ਕੀਤੀ ਹੈ ਤੇ ਕਿਹਾ ਹੈ ਕਿ ‘ਕੋਵੈਕਸਿਨ’ ਦੀਆਂ ਖ਼ੁਰਾਕਾਂ ਵਿਚਾਲੇ ਸਮੇਂ ਵਿੱਚ ਬਦਲਾਅ ਕਰਨ ਦੀ ਲੋੜ ਨਹੀਂ ਹੈ। ਸਮੂਹ ਨੇ ਕਿਹਾ ਹੈ ਕਿ ਗਰਭਵਤੀ ਔਰਤਾਂ ਨੂੰ ਕੋਵਿਡ-19 ਟੀਕਾ ਲਗਾਇਆ ਜਾ ਸਕਦਾ ਹੈ। ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਮਾਵਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਕਿਸੇ ਵੀ ਸਮੇਂ ਟੀਕਾ ਲਗਵਾ ਸਕਦੀਆਂ ਹਨ। ਕਾਬਿਲੇਗੌਰ ਹੈ ਕਿ ਪਹਿਲੀ ਮਈ



ਤੋਂ ਸ਼ੁਰੂ ਹੋਏ 18 ਤੋਂ 45 ਸਾਲ ਉਮਰ ਵਰਗ ਦੇ ਟੀਕਾਕਰਨ ਦੇ ਤੀਜੇ ਗੇੜ ਲਈ ਸਰਕਾਰ ਵੱਲੋਂ ਨਿਰਧਾਰਿਤ ਵੈਕਸੀਨ ਪਾਲਿਸੀ ਕਰਕੇ ਰਾਜਾਂ ਵਿੱਚ ਵੈਕਸੀਨ ਦੀ ਵੱਡੀ ਘਾਟ ਹੈ। ਟੀਕਿਆਂ ਦੀ ਕਿੱਲਤ ਕਰਕੇ ਵੱਡੀ ਗਿਣਤੀ ਰਾਜਾਂ ਵਿੱਚ 18 ਤੋਂ 45 ਉਮਰ ਵਰਗ ਦੇ ਟੀਕਾਕਰਨ ਦਾ ਅਮਲ ਵੀ ਪੱਛੜ ਗਿਆ ਹੈ। ਉਪਰੋਂ ਸਿਹਤ ਮੰਤਰਾਲੇ ਨੇ ਲੰਘੇ ਦਿਨ ਰਾਜਾਂ ਨੂੰ ਜਾਰੀ ਹਦਾਇਤਾਂ ਵਿੱਚ ਕੇਂਦਰੀ ਪੂਲ ਤਹਿਤ ਮਿਲਣ ਵਾਲੀਆਂ ਵੈਕਸੀਨਾਂ ’ਚੋਂ 70 ਫੀਸਦ ਦੂਜੀ ਡੋਜ਼ ਦੀ ਉਡੀਕ ਕਰਨ ਵਾਲੇ ਲਾਭਪਾਤਰੀਆਂ ਲਈ ਰਾਖਵੀਆਂ ਰੱਖਣ ਦੀ ਸਿਫਾਰਿਸ਼ ਕੀਤੀ ਸੀ। ਦਿੱਲੀ, ਮਹਾਰਾਸ਼ਟਰ, ਕਰਨਾਟਕ ਤੇ ਤੇਲੰਗਾਨਾ ਕਰੋਨਾ ਤੋਂ ਬਚਾਅ ਲਈ ਟੀਕੇ ਵਿਦੇਸ਼ ਤੋਂ ਖਰੀਦਣ ’ਤੇ ਵਿਚਾਰ ਕਰਨ ਲੱਗੇ ਹਨ।

# ਸੁਪਰੀਮ ਕੋਰਟ ਵੱਲੋਂ ਪਰਵਾਸੀ ਮਜ਼ਦੂਰਾਂ ਦੀ ਮਦਦ ਸਬੰਧੀ ਹਦਾਇਤਾਂ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਕੋਵਿਡ- 19 ਦੀ ਮੌਜੂਦਾ ਲਹਿਰ ਦਰਮਿਆਨ ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਨੂੰ ਫਸੇ ਹੋਏ ਪਰਵਾਸੀ ਮਜ਼ਦੂਰਾਂ ਲਈ ਐੱਨਸੀਆਰ ਵਿੱਚ ਲੰਗਰ ਦਾ ਪ੍ਰਬੰਧ ਕਰਨ ਤੇ ਘਰ ਵਾਪਸ ਜਾਣ ਦੇ ਚਾਹਵਾਨ ਮਜ਼ਦੂਰਾਂ ਲਈ ਆਵਾਜਾਈ ਦੀ ਸਹੂਲਤ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਕੋਵਿਡ-19 ਦੇ ਕੇਸਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਅਤੇ ਮੁਲਕ ਦੇ ਕਈ ਹਿੱਸਿਆਂ ਵਿੱਚ ਲੱਗੀਆਂ ਪਾਬੰਦੀਆਂ ਕਾਰਨ ਪਰਵਾਸੀ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਘੱਟ ਕਰਨ ਲਈ ਸਰਵਉੱਚ ਅਦਾਲਤ ਨੇ ਕੁਝ ਅੰਤਰਿਮ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਕਿਹਾ ਕਿ ‘ਆਤਮ ਨਿਰਭਰ ਭਾਰਤ ਸਕੀਮ’ ਜਾਂ ਕਿਸੇ ਹੋਰ ਸਕੀਮ ਤਹਿਤ ਕੇਂਦਰ ਤੇ ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਕੌਮੀ ਰਾਜਧਾਨੀ ਖੇਤਰ (ਐੱਨਸੀਆਰ) ਵਿੱਚ ਸੁੱਕਾ ਰਾਸ਼ਨ ਮੁਹੱਈਆ ਕਰਵਾਇਆ ਜਾਵੇ। ਜਸਟਿਸ ਅਸ਼ੋਕ ਭੂਸ਼ਣ ਅਤੇ ਐੱਮ ਆਰ ਸ਼ਾਹ ਦੇ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ, ਪਰਵਾਸੀ ਮਜ਼ਦੂਰਾਂ ਦੀ ਮਦਦ ਲਈ ਲੋੜੀਂਦੇ ਤੇ ਉਚਿਤ ਕਦਮ ਚੁੱਕਣ ਲਈ ਰੇਲਵੇ ਮੰਤਰਾਲੇ ਨੂੰ ਨਿਰਦੇਸ਼ ਜਾਰੀ ਕਰ ਸਕਦੀ ਹੈ। ਅਦਾਲਤ ਨੇ ਇਹ ਹੁਕਮ ਤਿੰਨ ਕਾਰਕੁਨਾਂ ਵੱਲੋਂ ਦਾਖ਼ਲ ਇੱਕ ਅਪੀਲ ਦੀ ਸੁਣਵਾਈ ਮੌਕੇ ਦਿੱਤੇ ਹਨ, ਜਿਨ੍ਹਾਂ



ਪਰਵਾਸੀ ਮਜ਼ਦੂਰਾਂ ਲਈ ਭੋਜਨ ਸੁਰੱਖਿਆ, ਪੈਸਿਆਂ ਦਾ ਲੈਣ-ਦੇਣ, ਆਵਾਜਾਈ ਦੀਆਂ ਸਹੂਲਤਾਂ ਤੇ ਹੋਰ ਉਪਾਅ ਮੁਹੱਈਆ ਕਰਵਾਉਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਲਈ ਕਿਹਾ ਸੀ ਜੋ ਮਹਾਮਾਰੀ ਦੌਰਾਨ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿੱਚ ਲੱਗੀਆਂ ਪਾਬੰਦੀਆਂ ਕਾਰਨ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਬੈਂਚ ਨੇ ਕਿਹਾ,‘ਦਿੱਲੀ ਐੱਨਸੀਟੀ, ਯੂਪੀ ਅਤੇ ਹਰਿਆਣਾ (ਐੱਨਸੀਆਰ ਵਿੱਚ ਸ਼ਾਮਲ ਜ਼ਿਲ੍ਹਿਆਂ ਲਈ) ਫਸੇ ਹੋਏ ਪਰਵਾਸੀ ਮਜ਼ਦੂਰਾਂ ਲਈ (ਐੱਨਸੀਆਰ ਵਿੱਚ) ਲੰਗਰ ਲਾਉਣਗੀਆਂ ਤਾਂ ਕਿ ਉਹ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਦੋ ਵਕਤ ਦੀ ਰੋਟੀ ਖਾ ਸਕਣ। ਇਨ੍ਹਾਂ ਸਾਰਿਆਂ ਵੱਲੋਂ ਇਹ ਯਕੀਨੀ ਵੀ ਬਣਾਇਆ ਜਾਵੇਗਾ ਕਿ ਆਪਣੇ ਘਰ ਜਾਣ ਦੇ ਚਾਹਵਾਨ ਪਰਵਾਸੀ ਮਜ਼ਦੂਰਾਂ ਨੂੰ (ਐੱਨਸੀਆਰ ਵਿੱਚ) ਸਹੀ ਟਰਾਂਸਪੋਰਟ ਸਹੂਲਤ ਮਿਲ ਸਕੇ।’ ਬੈਂਚ ਨੇ ਨਿਰਦੇਸ਼ ਦਿੱਤੇ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲੀਸ ਦੀ ਮਦਦ ਨਾਲ ਅਜਿਹੇ ਫਸੇ ਹੋਏ ਪਰਵਾਸੀ ਮਜ਼ਦੂਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ ਤੇ ਸੜਕ ਜਾਂ ਰੇਲਗੱਡੀ ਰਾਹੀਂ ਉਨ੍ਹਾਂ ਦੀ ਵਾਪਸੀ ’ਚ ਸਹਾਇਤਾ ਕੀਤੀ ਜਾ ਸਕਦੀ ਹੈ। ਬੈਂਚ ਨੇ ਕੇਂਦਰ ਅਤੇ ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਸਰਕਾਰਾਂ ਨੂੰ ਅਰਜ਼ੀ ਦੇ ਜੁਆਬ ਦਾਖ਼ਲ ਕਰਨ ਲਈ ਵੀ ਆਖਿਆ।

# ਕੋਵਿਡ ਪੀੜਤਾਂ ਦੀਆਂ ਲਾਸ਼ਾਂ ਪਾਣੀ ’ਚ ਰੋੜ੍ਹਨ ਤੇ ਗੰਗਾ ਕਿਨਾਰੇ ਦਫਨਾਉਣ ਦੀ ਜਾਂਚ ਦੇ ਆਦੇਸ਼

**ਉਨਾਓ (ਯੂਪੀ)/ ਨਵੀਂ ਦਿੱਲੀ।** ਸਥਾਨਕ ਜ਼ਿਲ੍ਹੇ ਦੇ ਬੀਗਾਪੁਰ ਪਾਟਨ ਤਹਿਸੀਲ ਵਿੱਚ ਗੰਗਾ ਨਦੀ ਦੇ ਬਕਸਰ ਤੱਟ ’ਤੇ ਦਫ਼ਨਾਈਆਂ ਕਈ ਲਾਸ਼ਾਂ ਮਿਲਣ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਨੇ ਜਾਂਚ ਦੇ ਆਦੇਸ਼ ਦਿੱਤੇ ਹਨ। ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਕੁੱਝ ਦਫ਼ਨਾਈਆਂ ਗਈਆਂ ਲਾਸ਼ਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਹੋਣ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਉਧਰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਗੰਗਾ ਨਦੀ ਵਿੱਚ ਸ਼ੱਕੀ ਕੋਵਿਡ ਮਰੀਜ਼ਾਂ ਦੀਆਂ ਲਾਸ਼ਾਂ ਮਿਲਣ ਨਾਲ ਸਬੰਧਤ ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਅੱਜ ਕੇਂਦਰੀ ਜਲ ਸ਼ਕਤੀ ਮੰਤਰਾਲੇ ਅਤੇ ਦੋਵਾਂ ਸੂਬਿਆਂ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ। ਸਾਰੀਆਂ ਸਬੰਧਤ ਧਿਰਾਂ ਨੂੰ ਜਵਾਬ ਦਾਅਵੇ ਲਈ ਚਾਰ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ। ਉਨਾਓ ਦੇ ਜ਼ਿਲ੍ਹਾ ਅਧਿਕਾਰੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਇਸ ਸਬੰਧੀ ਜਾਣਕਾਰੀ ਮਿਲਣ ਉਪਰੰਤ ਐੱਸਡੀਐੱਮ ਪੱਧਰ ਦੇ ਇੱਕ ਅਧਿਕਾਰੀ ਨੂੰ ਜਾਂਚ ਲਈ ਮੌਕੇ ’ਤੇ ਭੇਜਿਆ ਗਿਆ ਹੈ। ਉਹ ਛੇਤੀ ਰਿਪੋਰਟ ਦੇਣਗੇ। ਅਧਿਕਾਰੀ ਨੇ ਕਿਹਾ ਕਿ ਉਸ ਨੂੰ ਸੂਚਨਾ ਮਿਲੀ ਹੈ ਕੁੱਝ ਵਿਅਕਤੀਆਂ ਵੱਲੋਂ ਰੇਤ ਹੇਠਾਂ ਲਾਸ਼ਾਂ ਨੂੰ ਦਬਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬਕਸਰ ਘਾਟ ਕਈ ਜ਼ਿਲ੍ਹਿਆਂ ਦੀ ਹੱਦ ’ਤੇ ਸਥਿਤ ਹੈ ਅਤੇ ਇਹ ਰਾਇਬਰੇਲੀ, ਫ਼ਤਹਿਪੁਰ, ਉਨਾਓ ਨੂੰ ਜੋੜਦਾ ਹੈ। ਇੱਥੇ ਕਈ ਜ਼ਿਲ੍ਹਿਆਂ ਦੇ ਲੋਕ ਆ ਕੇ ਰਸਮਾਂ ਨਾਲ ਲਾਸ਼ਾਂ ਦਾ ਅੰਤਿਮ ਸੰਸਕਾਰ ਕਰਦੇ ਹਨ। ਉਧਰ, ਐੱਸਡੀਐੱਮ



ਬੀਗਾਪੁਰ ਦਿਆ ਸ਼ੰਕਰ ਪਾਠਕ ਨੇ ਦੱਸਿਆ ਕਿ ਜਾਂਚ ਕਰਨ ’ਤੇ ਉਥੇ ਕੋਈ ਲਾਸ਼ ਖੁੱਲ੍ਹੇ ਵਿੱਚ ਪਈ ਨਹੀਂ ਮਿਲੀ। ਦਫ਼ਨਾਈਆਂ ਹੋਈਆਂ ਲਾਸ਼ਾਂ ਦੀ ਗਿਣਤੀ ਬਾਰੇ ਵੀ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਤੱਟ ਦੇ ਨੇੜੇ ਰਹਿਣ ਵਾਲਿਆਂ ਦਾ ਕਹਿਣਾ ਹੈ ਕਿ ਵੀਰਵਾਰ ਸਵੇਰ ਤੋਂ ਕਿਸੇ ਨੂੰ ਇੱਥੇ ਲਾਸ਼ਾਂ ਦਫਨਾਉਣ ਨਹੀਂ ਦਿੱਤਾ ਗਿਆ। ਸਾਰਿਆਂ ਨੂੰ ਅੰਤਿਮ ਸੰਸਕਾਰ ਲਈ ਕਿਹਾ ਜਾ ਰਿਹਾ ਹੈ। ਇਸੇ ਦੌਰਾਨ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਉਸ ਨੇ ਦੋਵਾਂ ਸੂਬਿਆਂ ਦੇ ਮੁੱਖ ਸਕੱਤਰਾਂ ਅਤੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਦੇ ਸਕੱਤਰ ਨੂੰ ਅੱਜ ਨੋਟਿਸ ਜਾਰੀ ਕਰਕੇ ਚਾਰ ਹਫ਼ਤਿਆਂ ਵਿੱਚ ਕਾਰਵਾਈ ਰਿਪੋਰਟ ਮੰਗ ਲਈ ਹੈ। ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਵਿੱਚ ਰਹਿਣ ਵਾਲੇ ਲੋਕਾਂ ਮੁਤਾਬਕ ਉਜਿਯਾਰ, ਕੁਲਹੜੀਆ ਅਤੇ ਭਰੌਲੀ ਘਾਟ ’ਤੇ 52 ਲਾਸ਼ਾਂ ਤਰਦੀਆਂ ਮਿਲੀਆਂ ਸਨ। ਇਸੇ ਤਰ੍ਹਾਂ ਬਿਹਾਰ ਦੇ ਉੱਤਰ ਪ੍ਰਦੇਸ਼ ਨਾਲ ਲਗਦੇ ਸਰਹੱਦੀ ਬਕਸਰ ਜ਼ਿਲ੍ਹੇ ਦੇ ਚੌਸਾ ਬਲਾਕ ਵਿੱਚ ਗੰਗਾ ਨਦੀ ’ਚੋਂ ਸ਼ੱਕੀ ਕਰੋਨਾ ਮਰੀਜ਼ਾਂ ਦੀਆਂ ਲਾਸ਼ਾਂ ਮਿਲੀਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਕ ਬਿਆਨ ਵਿੱਚ ਕਿਹਾ ਕਿ ਸ਼ਾਇਦ ਸਰਕਾਰੀ ਏਜੰਸੀਆਂ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਨਾਕਾਮ ਰਹੀਆਂ ਹਨ। ਕਮਿਸ਼ਨ ਨੇ ਕਿਹਾ ਕਿ ਮ੍ਰਿਤਕ ਦੇਹਾਂ ਨੂੰ ਪਵਿੱਤਰ ਗੰਗਾ ਨਦੀ ’ਚ ਪ੍ਰਵਾਹ ਕਰਨਾ ਗੰਗਾ ਦੀ ਸਾਫ਼ ਸਫਾਈ ਨਾਲ ਜੁੜੇ ਕੌਮੀ ਮਿਸ਼ਨ ਬਾਬਤ ਜਲ ਸ਼ਕਤੀ ਮੰਤਰਾਲੇ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾ ਦੀ ਉਲੰਘਣਾ ਹੈ।

# ਕੁਰਸੀਆਂ ਪਿੱਛੇ ਉਲਝਣ ਦੀ ਬਜਾਏ ਲੋਕਾਂ ਦੀ ਸਿਹਤ ਦਾ ਖਿਆਲ ਕਰੇ ਕਾਂਗਰਸ : ਅਨਜਾਨ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵਿਧਾਇਕਾਂ ਨੂੰ ਪੰਜਾਬ ਦੇ ਲੋਕਾਂ ਦੀ ਸਿਹਤ ਦੀ ਬਜਾਏ ਆਪਣੀਆਂ ਕੁਰਸੀਆਂ ਦਾ ਜਿਆਦਾ ਫਿਕਰ ਹੈ ਕਿਉਂਕਿ ਚਾਰ ਸਾਲ ਸੱਤਾ ਦਾ ਸੁਆਦ ਭੋਗਣ ਤੋਂ ਬਾਅਦ ਵਿਧਾਇਕਾਂ ਨੂੰ ਪੰਜਾਬ ਦਾ ਦਰੇਗ ਸਤਾਉਣ ਲੱਗਾ ਹੈ ਪਿਛਲੇ ਕਾਫ਼ੀ ਲੰਮੇ ਤੋਂ ਕਾਂਗਰਸ ਵਿਚ ਆਪਸੀ ਕੁਰਸੀ ਨੂੰ ਲੈ ਖਿੱਚੋਤਾਣ ਚਲ ਰਹੀ ਹੈ ਕਿ ਆਉਣ ਵਾਲਾ ਪੰਜਾਬ ਦਾ ਸੀ ਐਮ ਕੌਣ ਹੋਵੇਗਾ ਪਰ ਕਿਤੇ ਵੀ ਕਾਂਗਰਸ ਦੀ ਮੀਟਿੰਗ ਵਿੱਚ ਪੰਜਾਬ ਦੇ ਲੋਕਾਂ ਦੀ ਸਿਹਤ ਦੀ ਗੱਲ ਨਹੀ ਵਿਚਾਰੀ ਹਸਪਤਾਲਾਂ ਵਿਚ ਬੈਡ ਨਹੀ ਕੋਵਿਡ ਵਾਰਡਾਂ ਚ ਸਟਾਫ ਨਹੀ ਜੇਕਰ ਸਟਾਫ ਹੈ ਤਾਂ ਪੀਪੀ ਕਿੱਟਾਂ ਨਹੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਵਿਧਾਇਕ ਆਪਣੀ ਕੁਰਸੀ ਦੇ ਲਾਲਚ ਵਿਚ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਨੇ ਪੰਜਾਬ ਵਿੱਚ ਮੈਡੀਕਲ ਐਮਰਜੈਂਸੀ ਵਰਗੇ ਹਲਾਤ ਬਣੇ ਹੋਏ ਹਨ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਤੇ ਉਸਦੇ ਵਿਧਾਇਕਾ ਨੂੰ ਚਾਹੀਦਾ ਹੈ ਕਿ ਕੇ ਕੁਰਸੀ ਦੇ ਲਾਲਚ ਨੂੰ ਛੱਡ ਕੇ ਪੰਜਾਬ ਦੇ ਲੋਕਾਂ ਦਾ ਖਿਆਲ ਕਰਨ ਤਾਂ ਜੋ ਇਸ ਭਿਆਨਕ ਮਹਾਂਮਾਰੀ ਤੋਂ ਪੰਜਾਬ ਨੂੰ ਬਚਾਇਆ ਜਾ ਸਕੇ।



# ਪੰਜਾਬ ਐਂਡ ਹਰਿਆਣਾ ਹਾਈਕੋਰਟ ਦੀ ਨਵੀਂ ਸੀਟ ਦੀ ਟੀਮ ਪਹੁੰਚੀ ਸ਼ਹਿਰ ਕੋਟਕਪੂਰਾ

**ਕੋਟਕਪਰਾ (ਰੋਹਿਤ ਆਜ਼ਾਦ)** ਬੀਤੇ ਸਮੇਂ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਸੀਟ ਨੂੰ ਖਾਰਜ ਕਰਨ ਤੋਂ ਬਾਅਦ ਪੰਜਾਬ ਐਂਡ ਹਰਿਆਣਾ ਹਾਈਕੋਰਟ ਵੱਲੋਂ ਜੋ ਨਵੀਂ ਸੀਟ ਦੀ ਟੀਮ ਬਣਾਈ ਗਈ ਹੈ ਉਹ ਤਿੰਨ ਮੈਂਬਰੀ ਕਮੇਟੀ ਅੱਜ ਸ਼ਹਿਰ ਕੋਟਕਪੂਰਾ ਦੇ ਮੁੱਖ ਬੱਤੀਆਂ ਵਾਲਾ ਚੌਂਕ ਵਿਖੇ ਬੀਤੀ 14 ਅਕਤੂਬਰ, 2015 ਦੇ ਦੌਰਾਣ ਹੋਏ ਕੋਟਕਪੂਰਾ ਦੀ ਗੋਲੀਕਾਂਡ ਦੀ ਘਟਨਾ ਦਾ ਜਾਇਜ਼ਾ ਲੈਣ ਦੀ ਪਹਿਲੀ ਕਾਰਵਾਈ ਕਰਨ ਲਈ ਕੋਟਕਪੂਰਾ ਦੇ ਮੁੱਖ ਬੱਤੀਆਂ ਵਾਲਾ ਚੌਂਕ ਵਿਖੇ ਪਹੁੰਚੀ। ਇਸ ਸਮੇਂ ਟੀਮ ਦੀ ਅਗਵਾਈ ਕਰ ਰਹੇ ਏਡੀਜੀਪੀ ਪੰਜਾਬ ਵਿਜੀਲੈਂਸ ਐਲ.ਕੇ ਯਾਦਵ ਦੇ ਨਾਲ ਫਰੀਦਕੋਟ ਰੇਂਜ ਦੇ ਡੀਆਈਜੀ ਸੁਰਜੀਤ ਸਿੰਘ ਅਤੇ ਰਾਕੇਸ਼ ਅਗਰਵਾਲ ਪੁਲੀਸ ਕਮੀਸ਼ਨਰ ਲੁਧਿਆਣਾ ਵੀ ਨਾਲ ਸਨ। ਇਸ ਸਮੇਂ ਉਨਾਂ ਬੱਤੀਆਂ ਵਾਲਾ ਚੌਂਕ ਦੇ ਨੇੜੇ ਹੀ ਸਥਿਤ ਇੱਕ ਢਾਬੇ ਦੇ ਨਾਲ ਗਲੀ ਵਿੱਚ ਵੀ ਆਪਣੀ ਕਾਰਵਾਈ ਅਮਲ 'ਚ ਲਿਆਂਦੀ। ਸੀਟ ਵੱਲੋਂ ਚੱਲੀ ਤਕਰੀਬਨ ਘੰਟੇ ਅੱਧੇ ਘੰਟੇ ਦੀ ਇਸ ਕਾਰਵਾਈ ਦੇ ਦੌਰਾਣ ਪੂਰਾ ਜਿਲ੍ਹਾ ਫਰੀਦਕੋਟ ਦਾ ਮੀਡੀਆ ਮੌਜੂਦ ਸੀ ਪਰ ਉਨਾਂ ਨੂੰ ਆਪਣੀ ਇਸ ਕਾਰਵਾਈ ਦੌਰਾਣ ਸੀਟ ਦੀ ਪੂਰੀ ਟੀਮ ਵੱਲੋਂ ਆਪਣੇ ਬਾਰਡੀਗਾਰਡਾਂ ਦੇ ਜਰੀਏ ਦੂਰ ਹੀ ਰੱਖਿਆ ਗਿਆ ਸੀ। ਹਾਲੇ ਫਿਲਹਾਲ ਕੀ ਕਾਰਵਾਈ ਅਮਲ 'ਚ ਲਿਆਂਦੀ ਗਈ ਸੀਟ ਵੱਲੋਂ, ਕੋਈ ਸੁਰਾਗ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਪੋਰਟ ਤੋਂ ਪਤਾ ਲੱਗਾ, ਕਿ ਉਨਾਂ ਨੇ ਆਪਣੀ ਪਹਿਲੀ ਕਾਰਵਾਈ ਪੁਰਾਣੀ ਸੀਟ ਦੀ ਪੇਸ਼ ਕੀਤੀ ਰਿਪੋਰਟ ਦੇ ਆਧਾਰ ਤੇ ਸ਼ੁਰੂ ਕੀਤੀ, ਆਖਿਰ ਕੀ ਕੀਤਾ ਸੀਟ ਨੇ, ਸਵਾਲ ਬੜੇ ਨੇ ਪਰ ਜਵਾਬ ਹਾਲੇ ਸੀਟ ਦੀ ਟੀਮ ਵੱਲੋਂ ਇੱਕ ਵੀ ਮੀਡੀਆ ਨੂੰ ਨਹੀਂ ਦਿੱਤਾ ਗਿਆ।

# ਬਲਟਾਣਾ ਪੁਲੀਸ ਨੇ ਇਕ ਨਾਬਾਲਗ ਨੂੰ ਨਸ਼ੇ ਦੀਆਂ ਗੋਲੀਆਂ ਸਮੇਤ ਕੀਤਾ ਕਾਬੂ

**ਜ਼ੀਰਕਪੁਰ (ਦੀਪਕ ਸ਼ਰਮਾ)** ਬਲਟਾਣਾ ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ ਤੇ ਇਕ ਨਾਬਾਲਗ ਲੜਕੇ ਨੂੰ ਨਸ਼ੇ ਦੇ 216 ਕੈਪਸੂਲਾਂ ਸਮੇਤ ਕਾਬੂ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਬਲਟਾਣਾ ਚੌਂਕੀ ਇੰਚਾਰਜ ਜਸ਼ਨਪ੍ਰੀਤ ਸਿੰਘ ਨੇ ਦੱਸਿਆ ਕਿ ਉਨਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇੱਕ 17 ਸਾਲ ਦਾ ਨਾਬਾਲਗ ਲੜਕਾ ਜੋ ਕਿ ਮੌਲੀ ਜੱਗਰਾਂ ਤੋਂ ਨਸ਼ੇ ਦੇ ਕੈਪਸੂਲ ਲਿਆ ਕੇ ਬਲਟਾਣਾ ਖੇਤਰ ਵਿਚ ਵੇਚਦਾ ਹੈ। ਜਦੋਂ ਉਹ ਪੁਲਸ ਪਾਰਟੀ ਸਮੇਤ ਬਲਟ-ਾਣਾ ਰੋਡ ਤੇ ਖੜੇ ਸਨ ਤਾਂ ਇੱਕ ਸਤਾਰਾਂ ਸਾਲ ਦੇ ਲੜਕੇ ਨੂੰ ਆਉਂਦਾ ਦੇਖਿਆ ਅਤੇ ਉਹ ਪੁਲੀਸ ਨੂੰ ਦੇਖ ਕੇ ਘਬਰਾ ਗਿਆ ਜਦੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਕੋਲੋਂ ਦੋ ਸੌ ਚੌਦਾਂ ਕੈਪਸੂਲ ਨਸ਼ੇ ਦੇ ਬਰਾਮਦ ਕੀਤੇ ਗਏ ਪੁਲੀਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੂਰੂ ਕਰ ਦਿੱਤੀ ਹੈ।

# ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਹਨੇਰੇ ਤੱਕ ਰਹਿੰਦੇ ਖੁੱਲੇ; ਕੀ ਆਮ ਕਾਰੋਬਾਰ ਤੋਂ ਸ਼ਰਾਬ ਦੇ ਠੇਕੇ ਖੁੱਲਣੇ ਜ਼ਰੂਰੀ?

**ਜੰਡਿਆਲਾ ਗੁਰੂ (ਕੁਲਵੰਤ ਸਿੰਘ ਵਿਰਦੀ)** ਕਰੋਨਾ ਮਹਾਂਮਾਰੀ ਨੇ ਪੂਰੇ ਦੇਸ਼ ਵਿੱਚ ਇਕ ਭਿਆਨਕ ਰੂਪ ਧਾਰਨ ਕੀਤਾ ਹੋਇਆ ਹੈ ਅਤੇ ਇਸ ਬਿਮਾਰੀ ਤੋਂ ਬਚਣ ਲਈ ਪੰਜਾਬ ਸਰਕਾਰ ਵੱਲੋਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਹਦਾਇਤਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਹਿਬ ਵੱਲੋਂ ਸਖ਼ਤੀ ਕੀਤੀ ਹੋਈ ਹੈ ਜਿਸ ਦੇ ਚਲਦਿਆਂ ਪੰਜਾਬ ਪੁਲਿਸ ਵਿੱਚ ਡਿਊਟੀ ਨਿਭਾ ਰਹੇ ਮੁਲਾਜ਼ਮ ਵੀ ਆਪਣੇ ਘਰ ਪਰਿਵਾਰ ਨੂੰ ਛੱਡ ਕੇ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਜਿਸ ਵਿੱਚ ਸ਼ਹਿਰਾਂ ਵਿਚ ਦੁਕਾਨਾਂ ਨੂੰ ਲੈ ਕੇ ਇਕ ਦਿਨ ਸੱਜਾ ਪਾਸਾ ਦੂਸਰੇ ਦਿਨ ਖੱਬਾ ਪਾਸਾ ਖੁੱਲਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਜਿਸ ਵਿੱਚ ਸ਼ਹਿਰਾਂ ਵਿੱਚ ਤਾਂ ਇਸ ਦਾ ਅਸਰ ਦਿਖਾਈ ਦੇ ਰਿਹਾ ਹੈ ਲੇਕਿਨ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਹਨੇਰੇ ਤੱਕ ਖੁੱਲੇ ਰਹਿੰਦੇ ਹਨ ਜਿਸ ਤੇ ਅੱਜ ਪਿੰਡ ਤਾਰਾਗੜ੍ਹ ਵਿੱਚ ਸਥਿਤ ਸ਼ਰਾਬ ਦਾ ਠੇਕਾ ਖੁਲਾ ਦੇਖਿਆ ਗਿਆ ਜਿਸ ਤੇ ਠੇਕੇ ਤੇ ਡਿਊਟੀ ਨਿਭਾ ਰਹੇ ਮੁਲਾਜ਼ਮ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਿੰਡਾਂ ਲਈ ਕੋਈ ਟਾਇਮ ਨਹੀਂ। ਇਸ ਲਈ ਪ੍ਰਸ਼ਾਸਨ ਨੂੰ ਹਲਾਤਾਂ ਵੱਲ ਦੇਖਦਿਆਂ ਹੋਇਆਂ ਇਲਾਕ਼ੇ ਦੇ ਪਿੰਡਾਂ ਵਿੱਚ ਵੀ ਸਖ਼ਤੀ ਕਰਨੀ ਚਾਹੀਦੀ ਹੈ ਤਾਂ ਜ਼ੋ ਇਸ ਸਖਤੀ ਨਾਲ ਪਿੰਡਾਂ ਦੇ ਲੋਕਾਂ ਦਾ ਭਲਾ ਹੋ ਸਕੇ ਅਤੇ ਇਸ ਭਿਆਨਕ ਕਰੋਨਾ ਮਹਾਂਮਾਰੀ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।




# ਜ਼ੀਰਕਪੁਰ ਪੁਲੀਸ ਨੇ ਕਵਿਡ ਉਨੀ ਦੀਆਂ ਹਦਾਇਤਾਂ ਨਾ ਮੰਨਣ ਵਾਲਿਆਂ ਤੇ 27 ਪਰਚੇ ਦਰਜ ਕੀਤੇ 35 ਗ੍ਰਿਫ਼ਤਾਰ

## ਜਿੰਮ, ਸਪਾ ਅਤੇ ਸੈਲੂਨ ਖੁੱਲੇ ਹੋਣ ਦੀ ਸੂਚਨਾ ਪੁਲੀਸ ਥਾਣੇ ਵਿੱਚ ਦਿੱਤੀ ਜਾਵੇ

**ਜ਼ੀਰਕਪੁਰ (ਦੀਪਕ ਸ਼ਰਮਾ)** ਜ਼ੀਰਕਪੁਰ ਪੁਲਸ ਨੇ ਐੱਸ ਐੱਸ ਪੀ ਮੋਹਾਲੀ ਸਤਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ ਪੀ ਦਿਹਾਤੀ ਡਾ ਰਵਜੋਤ ਕੌਰ ਦੀ ਅਗਵਾਈ ਵਿੱਚ ਅਤੇ ਡੀ ਐੱਸ ਪੀ ਅਮਰੋਜ਼ ਸਿੰਘ ਜ਼ੀਰਕਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਵਿਡ ਉਨੀ ਦੇ ਸਰਕਾਰ ਦੁਆਰਾ ਦਿੱਤੇ ਨਿਰਦੇਸ਼ਾਂ ਨੂੰ ਪਾਲਣ ਨਾ ਕਰਨ ਵਾਲੇ ਹੋਟਲਾਂ, ਸਪਾ ਅਤੇ ਸੈਲੂਨਾਂ ਤੇ ਸਤਾਈ ਮਾਮਲੇ ਦਰਜ ਕੀਤੇ ਗਏ ਹਨ ਅਤੇ 35 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈਗੱਲ ਕਰਦੇ ਹੋਏ ਜ਼ੀਰਕਪੁਰ ਥਾਣਾ ਮੁਖੀ ਉਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਜ਼ੀਰਕਪੁਰ ਪੁਲੀਸ ਵੱਲੋਂ ਮਹਾਂਮਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਦੀਆਂ ਹਦਾਇਤਾਂ ਨੂੰ ਆਮ ਲੋਕਾਂ ਤਕ ਪਹੁੰਚਾਇਆ ਗਿਆ ਸੀ ਅਤੇ ਇਸ ਦੇ ਲਈ ਡੀਐੱਸਪੀ ਅਮਰੋਜ਼ ਸਿੰਘ ਖ਼ੁਦ ਦੁਕਾਨਦਾਰਾਂ ਨੂੰ ਮਿਲੇ ਸਨ ਅਤੇ ਉਨਾਂ ਦੇ ਨਾਲ ਐੱਸ ਡੀ ਐੱਮ ਡੇਰਾਬਸੀ ਮੈਂ ਖ਼ੁਦ ਜਾ ਕੇ ਦੁਕਾਨਦਾਰਾਂ ਨਾਲ ਥਾਂ ਥਾਂ ਤੇ ਮੀਟਿੰਗਾਂ ਕੀਤੀਆਂ ਸਨ ਅਤੇ ਉਨਾਂ ਨੂੰ ਦੁਕਾਨਾਂ ਖੋਲਣ ਬਾਰੇ ਦੱਸਿਆ ਸੀ ਸੈਲੂਨ ਮਾਲਕਾਂ ਅਤੇ ਸਪਾ ਸੈਂਟਰ ਵਾਲਿਆਂ ਨੂੰ ਸਪੈਸ਼ਲ ਤੌਰ ਤੇ ਕਿਹਾ ਗਿਆ ਸੀ ਕਿ ਜਦੋਂ ਤੱਕ ਸਰਕਾਰ ਦੀਆਂ ਗਾਈਡ ਲਾਈਨ ਨਹੀਂ ਆਉਂਦੀਆਂ ਉਹ ਆਪਣੀਆਂ ਦੁਕਾਨਾਂ ਬੰਦ ਰੱਖਣ ਪਰ ਇਸ ਦੇ ਬਾਵਜੂਦ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਵੀਆਈਪੀ ਰੋਡ ਤੇ ਕਾਫ਼ੀ ਦੁਕਾਨਾਂ ਖੁੱਲੀਆਂ ਸਨ ਜਿਨਾਂ ਨਾਲ ਸਖਤੀ ਨਾਲ ਨਿਪਟਦੇ ਹੋਏ ਸਤਾਈ ਮਾਮਲੇ ਦਰਜ ਕੀਤੇ ਗਏ ਅਤੇ ਪੈਂਤੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਉਨਾਂ ਨੇ ਦੱਸਿਆ ਕਿ ਜੇਕਰ ਇਲਾਕੇ ਵਿਚ ਕੋਈ ਵੀ ਸਪਾ ਸੈਲੂਨ ਜਿੰਮ ਖੁੱਲਾ ਹੁੰਦਾ ਹੈ ਤਾਂ ਹਰੇਕ ਵਿਅਕਤੀ ਆਪਣੀ ਜੰਮਿਵਾਰੀ ਸਮਝਦੇ ਹੋਏ ਉਨਾਂ ਨੂੰ ਦੱਸ ਸਕਦਾ ਹੈ ਕਿਉਂਕਿ ਕੋਰੋਨਾ ਦੀ ਬੀਮਾਰੀ ਸਾਰਿਆਂ ਦੀ ਸਾਂਝੀ ਕੋਸ਼ਿਸ਼ ਨਾਲ ਦੂਰ ਹੋ ਸਕਦੀ ਹੈ ।




# ਕਰੋਨਾ ਮਹਾਮਾਰੀ ਦੇ ਸਨਮੁੱਖ ਤਰਕਸ਼ੀਲਾਂ ਨੇ ਉਲੀਕੇ ਆਨਲਾਇਨ ਕਾਰਜ ਲਾਕਡਾਉਣ ਨੂੰ ਕਰੜਾ ਨਹੀ ਤਰਕਸੰਗਤ ਬਨਾਉਣ ਦੀ ਲੋੜ

**ਮੋਹਾਲੀ (ਦੀਪਕ ਸ਼ਰਮਾ)** ਕਰੋਨਾ ਮਹਾਮਾਰੀ ਦੇ ਚਲਦਿਆਂ ਅੱਜ ਜਦੋਂ ਇੱਕਠੇ ਬੈਠਣਾ ਮੀਟਿੰਗ ਕਰਨਾ ਖਤਰਨਾਕ ਹੋਗਿਆ ਹੈ ਅਜਿਹੇ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਮੁਹਾਲੀ ਵਲੋਂ ਮਾਸਿਕ ਮੀਟਿੰਗ ਆਨਲਾਇਨ ਗੂੱਗਲ ਮੀਟ ਤੇ ਕੀਤੀ ਗਈ। ਮੀਟਿੰਗ ਵਿੱਚ ਇਸ ਗੱਲ ਤੇ ਚਰਚਾ ਕੀਤੀ ਗਈ ਕਿ ਜਦੋਂ ਅੱਜ ਹਾਲਾਤ ਬਦਲ ਗਏ ਹਨ ਅਤੇ ਲੋਕਾਂ ਨੂੰ ਮਿਲਕੇ ਸੰਵਾਦ ਰਚਾਉਣਾ ਮੁਸ਼ਕਿਲ ਹੋ ਗਿਆ ਹੈ ਤਾਂ ਅਜਿਹੇ ਵਿੱਚ ਲੋਕਾਂ ਦੀ ਵਿਗਿਆਨਕ ਜਾਗਰੂਕਤਾ ਦਾ ਕਾਰਜ ਵੀ ਬੰਦ ਨਹੀ ਕੀਤਾ ਜਾ ਸਕਦਾ, ਸਗੋਂ ਇਸ ਮੌਕੇ ਲੋਕਾਂ ਨੂੰ ਹੋਰ ਵੀ ਜਾਗਰੂਕਤਾ ਦੀ ਲੋੜ ਹੈ। ਇਸ ਲਈ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਦੀ ਵੱਧ ਤੋ ਵੱਧ ਸਾਰਥਿਕ ਵਰਤੋਂ ਤੇ ਵਿਚਾਰ ਵਿਟਾਂਦਰਾ ਕੀਤਾ ਗਿਆ ਅਤੇ ਮਹੀਨੇ ਲਈ ਕਾਰਜ ਉਲੀਕਿਆ ਗਿਅ।

ਮੀਟਿੰਗ ਵਿੱਚ ਗੱਲ ਕਰਦਿਆਂ ਇਕਾਈ ਦੇ ਮੁਖੀ ਜਸਵੰਤ ਮੋਹਾਲੀ ਨੇ ਕਿਹਾ ਕਿ ਭਾਵੇਂ ਸਰਕਾਰ ਬਿਮਾਰੀ ਦੇ ਫੈਲਾਅ ਨੂੰ ਰੋਕਣ ਲਈ ਚੰਗੇ ਉਪਰਾਲੇ ਕਰ ਰਹੀ ਹੈ ਪ੍ਰੰਤੂ ਫਿਰ ਵੀ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਗਰੀਬ ਕਮਜੋਰ ਮਜਦੂਰ ਕਿਸਾਨ ਵਰਗ ਦੀਆਂ ਮੁਸ਼ਕਲਾਂ ਦਾ ਧਿਆਨ ਰੱਖਿਆ ਜਾਵੇ। ਸੀਨੀਅਰ ਆਗੂ ਜਰਨੈਲ ਕ੍ਰਾਂਤੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲਗਾਏ ਲਾਕਡਾਉਣ ਨੂੰ ਤਰਕਸੰਗਤ ਬਨਾਇਆ ਜਾਣਾ ਜਰੂਰੀ ਹੈ, ਜਿਵੇਂ ਆਪਣੀ ਕਾਰ ਵਿੱਚ ਬਿਨਾ ਮਾਸਕ ਦੇ ਬੈਠੇ ਵਿਅਕਤੀ ਦਾ ਚਲਾਨ ਕੱਟਣਾ ਜਿਹੇ ਤੁਗਲਕੀ ਫਰਮਾਨ ਨਾ ਜਾਰੀ ਕੀਤੇ ਜਾਣ।

ਇਸ ਮੌਕੇ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਡਾ.ਮਜੀਦ ਆਜਾਦ ਨੇ ਕਿਹਾ ਕਿ ਜੇਕਰ ਸਮੇਂ ਦੀਆਂ ਸਰਕਾਰਾਂ ਵਲੋਂ ਸੇਹਤ ਖੇਤਰ ਨੂੰ ਵਿਕਸਤ ਕੀਤਾ ਹੁੰਦਾ ਤਾਂ ਅੱਜ ਇਹ ਨੌਬਤ ਨਾ ਆਉਂਦੀ। ਅੱਜ ਵੀ ਕਰੋਨਾ ਤੋ ਬਿਨਾ ਹੋਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਨੂੰ ਮਰਨ ਲਈ ਛੱਡ ਦਿੱਤਾ ਗਿਆ ਹੈ। ਨਿੱਜੀ ਹਸਪਤਾਲ ਲੋਕਾਂ ਨੂੰ ਲੁੱਟ ਰਹੇ ਹਨ। ਉਹਨਾਂ ਮੰਗ ਕੀਤੀ ਕਿ ਕਰੋਨਾ ਮਹਾਂਮਾਰੀ ਸਬੰਧੀ ਲੋਕਾਂ ਨੂੰ ਡਰਾਕੇ ਮੀਡੀਆ ਰਾਹੀਂ ਗੈਰਵਿਗਿਆਨਕ ਪ੍ਰਚਾਰ ਕਰ ਰਹੇ ਟੀਵੀ ਚੈਨਲਾਂ ਸਮੇਤ ਬਾਬਿਆਂ ਤੇ ਨਕੇਲ ਵੀ ਕਸੀ ਜਾਵੇ। ਇਸ ਮੌਕੇ ਆਮ ਲੋਕਾਂ ਲਈ ਨਿਰਦੇਸ਼ ਜਾਰੀ ਕਰਦਿਆਂ ਤਰਕਸ਼ੀਲਾਂ ਨੇ ਕਿਹਾ ਹੈ ਕਿ ਲੋਕ ਬਿਮਾਰੀ ਨੂੰ ਹਲਕੇ ਵਿੱਚ ਨਾ ਲੈਕੇ ਸਾਵਧਾਨੀਆਂ ਦਾ ਪਾਲਣ ਕਰਨ। ਮੀਟਿੰਗ ਵਿੱਚ ਹੋਰਨਾਂ ਤੋਂ ਬਿਨਾ ਗੁਰਮੇਲ ਲੁਧਿਆਣਾ , ਲੈਕਚਰਾਰ ਸੁਰਜੀਤ, ਇਕਬਾਲ ਸਿੰਘ, ਗੋਰਾ ਹੋਸ਼ਿਆਰਪੁਰੀ, ਜਸਵਿੰਦਰ ਸਿੰਘ, ਡਾ. ਮਜੀਦ ਆਜਾਦ, ਸਮਸ਼ੇਰ , ਗੁਰਤੇਜ ਸਿੰਘ, ਅਮਰੀਕ ਭਬਾਤ ਆਦਿ ਵੀ ਹਾਜ਼ਰ ਸਨ।

# ਕਪੂਰਥਲਾ ਜਿਲ੍ਹੇ ਵਿਚ ਕਣਕ ਦਾ ਸੀਜ਼ਨ ਖਤਮ- 391711 ਮੀਟਰਕ ਟਨ ਕਣਕ ਦੀ ਖਰੀਦ

**ਕਪਰਥਲਾ।** ਕਪੂਰਥਲਾ ਜਿਲ੍ਹੇ ਵਿਚ ਕਣਕ ਦੀ ਖਰੀਦ ਦਾ ਕੰਮ ਮੁਕੰਮਲ ਹੋ ਗਿਆ ਹੈ। ਇਸ ਸੀਜ਼ਨ ਦੌਰਾਨ 391711 ਮੀਟਰਕ ਟਨ ਕਣਕ ਦੀ ਖਰੀਦ ਹੋਈ ਹੈ ਜਦਕਿ ਪਿਛਲੇ ਸਾਲ ਸੀਜ਼ਨ ਦੌਰਾਨ 359971 ਮੀਟਰਕ ਟਨ ਕਣਕ ਦੀ ਖ੍ਰੀਦ ਹੋਈ ਸੀ। ਡਿਪਟੀ ਕਮਿਸ਼ਨਰ ਸ੍ਰੀਮਤੀ ਦੀਪਤੀ ਉੱਪਲ ਨੇ ਕੋਵਿਡ ਦੀ ਦੂਜੀ ਲਹਿਰ ਦੇ ਦੌਰਾਨ ਕਣਕ ਦੀ ਖਰੀਦ ਲਈ ਕਿਸਾਨਾਂ, ਆੜ੍ਹਤੀਆਂ, ਖ੍ਰੀਦ ਏਜੰਸੀਆਂ ਦੇ ਅਧਿਕਾਰੀਆਂ ਵਲੋਂ ਨਿਭਾਏ ਰੋਲ ਲਈ ਧੰਨਵਾਦ ਕਰਦਿਆਂ ਕਿਹਾ ਕਿ ਏਨੀ ਵੱਡੀ ਖ੍ਰੀਦ ਪ੍ਰਕ੍ਰਿਆ ਸਭ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹੀ ਹੈ। ਹੁਣ ਤੱਕ ਖਰੀਦੀ ਗਈ ਕਣਕ ਵਿਚੋਂ 337722 ਮੀਟਰਕ ਟਨ ਕਣਕ ਦੀ ਚੁਕਾਈ ਕੀਤੀ ਗਈ ਹੈ, ਜੋ ਕਿ ਕੁੱਲ ਖ੍ਰੀਦੀ ਕਣਕ ਦਾ 86 ਫੀਸਦੀ ਬਣਦਾ ਹੈ। ਡਿਪਟੀ ਕਮਿਸ਼ਨਰ ਵਲੋਂ ਸਬੰਧਿਤ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਬਕਾਇਆ ਰਹਿੰਦੀ ਕਣਕ ਦੀ ਚੁਕਾਈ ਜਲਦ ਤੋਂ ਜਲਦ ਕਰਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ੍ਰੀਦ ਕੀਤੀ ਗਈ ਕਣਕ ਦੀ ਸਿੱਧੀ ਅਦਾਇਗੀ ਤਹਿਤ 737.90 ਕਰੋੜ ਰੁਪੈ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਪਾ ਦਿੱਤੇ ਗਏ ਹਨ। ਕਿਸਾਨਾਂ ਨੂੰ ਖਰੀਦੀ ਕਣਕ ਵਿਰੁੱਧ 773 ਕਰੋੜ ਰੁਪੈ ਦੀ ਅਦਾਇਗੀ ਕੀਤੀ ਜਾਣੀ ਹੈ, ਜਿਸ ਵਿਚੋਂ 737.90 ਕਰੋੜ ਰੁਪੈ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਖਰੀਦ ਏਜੰਸੀਆਂ ਵਿਚੋਂ ਪਨਗਰੇਨ ਨੇ 102377 ਮੀਟਰਕ ਟਨ, ਮਾਰਕਫੈਡ ਨੇ 101461 ਮੀਟਰਕ ਟਨ, ਪਨਸਪ ਨੇ 87106, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 55017 ਮੀਟਰਕ ਟਨ ਅਤੇ ਐਫ.ਸੀ.ਆਈ. ਨੇ 45592 ਮੀਟਰਕ ਟਨ ਦੀ ਖ੍ਰੀਦ ਕੀਤੀ ਹੈ। ਇਸ ਤੋਂ ਇਲਾਵਾ 158 ਮੀਟਰਕ ਟਨ ਕਣਕ ਦੀ ਖਰੀਦ ਨਿੱਜੀ ਖਰੀਦਦਾਰਾਂ ਨੇ ਕੀਤੀ ਹੈ।



# ਬਾਬਾ ਹਰਦੇਵ ਸਿੰਘ ਜੀ ਨੇ ਮਾਨਵਤਾ ਨਾਲ ਯੁਕਤ ਹੋਕੇ ਜੀਵਨ ਜਿਉਣਾ ਸਿਖਾਇਆ

**ਹੁਸ਼ਿਆਰਪੁਰ ।** ''ਬਾਬਾ ਹਰਦੇਵ ਸਿੰਘ ਜੀ ਨੇ ਮਾਨਵਤਾ ਨਾਲ ਯੁਕਤ ਹੋਕੇ ਜੀਵਨ ਜੀਉਣ ਦਾ ਢੰਗ ਸਿਖਾਇਆ । '' ਇਹ ਉਦਗਾਰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਦੇ ਸੁੰਦਰ ਜੀਵਨ ਅਤੇ ਸਿਖਿਆਵਾਂ ਤੋਂ ਪ੍ਰੇਰਨਾ ਲੈਣ ਲਈ ਵਰਚੁਅਲ ਰੂਪ ਵਿੱਚ ਆਯੋਜਿਤ 'ਸਮਰਪਣ ਦਿਵਸ' ਸਮਾਗਮ ਵਿੱਚ ਪ੍ਰਗਟ ਕੀਤੇ । ਸਾਲ 2016 ਵਿੱਚ 13 ਮਈ ਦੇ ਦਿਨ ਬਾਬਾ ਹਰਦੇਵ ਸਿੰਘ ਜੀ ਆਪਣੇ ਨਸ਼ਵਰ ਸਰੀਰ ਨੂੰ ਤਿਆਗ ਕੇ ਨਿਰਾਕਾਰ ਪ੍ਰਭੂ ਵਿੱਚ ਲੀਨ ਹੋ ਗਏ ਸਨ । ਉਦੋਂ ਤੋਂ ਹਰ ਸਾਲ ਇਹ ਦਿਨ ਨਿਰੰਕਾਰੀ ਜਗਤ ਵਿੱਚ 'ਸਮਰਪਣ ਦਿਵਸ' ਦੇ ਰੂਪ ਵਿੱਚ ਬਾਬਾ ਹਰਦੇਵ ਸਿੰਘ ਜੀ ਨੂੰ ਸਮਰਪਿਤ ਕੀਤਾ ਜਾਂਦਾ ਹੈ । ਇਸ ਸੰਬੰਧ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਨਿਰੰਕਾਰੀ ਜਗਤ ਅਤੇ ਪ੍ਰਭੂ ਪ੍ਰੇਮੀਆਂ ਨੂੰ ਸੰਬੋਧਿਤ ਕਰਦੇ ਹੋਏ ਫਰਮਾਇਆ ਕਿ ਜਦੋਂ ਅਸੀ ਬਾਬਾ ਜੀ ਦੀ ਕੇਵਲ ਮੁਸਕਾਨ ਨੂੰ ਯਾਦ ਕਰਦੇ ਹਾਂ ਤਾਂ ਕਿੰਨੀ ਠੰਡਕ ਮਹਿਸੂਸ ਹੁੰਦੀ ਹੈ । ਉਨ੍ਹਾਂ ਨੇ ਸਾਨੂੰ ਸੱਚਾ ਮਨੁੱਖ ਬਣਨ ਦੀ ਜਾਚ ਸਿਖਾਈ । ਅਸੀਂ ਸਹੀ ਮਾਇਨੇ ਵਿੱਚ ਮਨੁੱਖ ਦੀ ਤਰ੍ਹਾਂ ਆਪਣਾ ਜੀਵਨ ਜੀਏ ਕਿਉਂਕਿ ਅਜਿਹਾ ਹੀ ਭਗਤੀ ਭਰਿਆ , ਪ੍ਰੇਮ ਵਾਲਾ ਅਤੇ ਨਿਰੰਕ-ਾਰ ਪ੍ਰਭੂ ਨਾਲ ਜੁੜਕੇ ਜਿਆ ਗਿਆ ਜੀਵਨ ਹੀ ਬਾਬਾ ਜੀ ਨੂੰ ਪਿਆਰਾ ਸੀ । ਉਨ੍ਹਾਂ ਦੀਆਂ ਸ਼ਿਖਿਆਵਾਂ ਉੱਤੇ ਚਲਕੇ ਅਸੀ ਨਿੱਤ ਆਪਣੇ ਜੀਵਨ ਵਿੱਚ ਨਿਖਾਰ ਲੈ ਕੇ ਆਇਏ ਇਹ ਗਿਆਨ ਦੀ ਜੋਤੀ ਘਰ ਘਰ ਵਿੱਚ ਪਹੁੰਚੇ , ਜੋ ਉਨ੍ਹਾਂ ਦੀ ਇੱਛਾ ਸੀ । ਬਾਬਾ ਹਰਦੇਵ ਸਿੰਘ ਜੀ ਨੇ 36 ਸਾਲਾਂ ਤੱਕ ਮਿਸ਼ਨ ਦੀ ਬਾਗਡੋਰ ਸੰਭਾਲੀ । ਉਨ੍ਹਾਂ ਦੀ ਛਤਰਛਾਇਆ ਵਿੱਚ ਮਿਸ਼ਨ 17 ਦੇਸ਼ਾਂ ਤੋਂ ਚੱਲਕੇ ਸੰਸਾਰ ਦੇ ਹਰ ਇੱਕ ਮਹਾਂਦੀਪ ਦੇ 60 ਰਾਸ਼ਟਰਾਂ ਤੱਕ ਪਹੁੰਚਿਆ , ਜਿਸ ਵਿੱਚ ਰਾਸ਼ਟਰੀ ਅਤੇ ਅੰਤਰਾਸ਼ਟਰੀਏ ਪੱਧਰ ਦੇ ਸਮਾਗਮ , ਯੁਵਾ ਸੰਮੇਲਨ , ਸਤਸੰਗ ਪ੍ਰੋਗਰਾਮ , ਸਮਾਜ ਸੇਵਾ ਦੇ ਕਾਰਜ , ਵੱਖ-ਵੱਖ ਧਾਰਮਿਕ ਅਤੇ ਅਧਿਆਤਮਿਕ ਸੰਸਥਾਵਾਂ ਦੇ ਨਾਲ ਤਾਲਮੇਲ ਵਰਗੇ ਪ੍ਰੋਗਰਾਮ ਸਾਮਲ ਸਨ । ਸੰਯੁਕਤ ਰਾਸ਼ਟਰ ਸੰਘ ਵਲੋਂ ਸੰਤ ਨਿਰੰਕਾਰੀ ਮਿਸ਼ਨ ਨੂੰ ਸਮਾਜਿਕ ਅਤੇ ਆਰਥਿਕ ਪਰਿਸ਼ਦ ਦੇ ਸਲਾਹਕਾਰ ਦੇ ਰੂਪ ਵਿੱਚ ਮਾਨਤਾ ਵੀ ਬਾਬਾ ਜੀ ਦੇ ਸਮੇਂ ਵਿੱਚ ਹੀ ਪ੍ਰਦਾਨ ਕੀਤੀ ਗਈ ਸੀ । ਅਧਿਆਤਮਿਕ ਜਾਗਰੂਕਤਾ ਦੇ ਇਲਾਵਾ ਸਮਾਜ ਕਲਿਆਣ ਲਈ ਵੀ ਬਾਬਾ ਜੀ ਨੇ ਅਨੇਕਾਂ ਸਾਰਥਕ ਕਦਮ ਚੁੱਕੇ। ਜਿਸ ਵਿੱਚ ਖੂਨਦਾਨ , ਸਫਾਈ ਅਭਿਆਨ , ਪੌਦਾਰੋਪਣ , ਸਿਹਤ , ਮਹਿਲਾ ਸਸ਼ਕਤੀਕਰਣ , ਸਿੱਖਿਆ , ਕੰਮਕਾਜ ਮਾਰਗ ਦਰਸ਼ਨ ਕੇਂਦਰ ਲਈ ਕੀਤੇ ਗਏ ਕਾਰਜ ਸ਼ਾਮਲ ਹਨ । ਇਸਦੇ ਇਲਾਵਾ ਬਾਬਾ ਜੀ ਨੇ ਆਪ ਖੂਨਦਾਨ ਕਰਕੇ ਮਿਸ਼ਨ ਦੇ ਖੂਨਦਾਨ ਅਭਿਆਨ ਦੀ ਸ਼ੁਰੂਆਤ ਕੀਤੀ , ਮਿਸ਼ਨ ਦੇ ਪਹਿਲੇ ਬਲੱਡ ਬੈਂਕ ਦਾ ਉਦਘਾਟਨ 26 ਜਨਵਰੀ , 2016 ਨੂੰ ਬਾਬਾ ਹਰਦੇਵ ਸਿੰਘ ਜੀ ਨੇ ਕੀਤਾ ਜੋ ਵਿਲੇ ਪਾਰਲੇ , ਮੁੰਬਈ ਵਿੱਚ ਸਥਿਤ ਹੈ । ਬਾਬਾ ਹਰਦੇਵ ਸਿੰਘ ਜੀ ਪ੍ਰੇਮ ਅਤੇ ਦਿਆ ਦੀ ਮੂਰਤ ਸਨ ਅਤੇ ਇਹੀ ਕਾਰਨ ਸੀ ਕਿ ਉਹ ਹਰ ਇੱਕ ਪੱਧਰ ਦੇ ਲੋਕਾਂ ਦੇ ਪਿਆਰੇ ਰਹੇ , ਜਿਸਦਾ ਪ੍ਰੀਬਿੰਬ ਸੰਤ ਨਿਰੰਕਾਰੀ ਮਿਸ਼ਨ ਹੈ । ਨਿਰੰਕਾਰੀ ਮਿਸ਼ਨ ਵਿੱਚ ਵੱਖ-ਵੱਖ ਧਰਮ , ਜਾਤੀ , ਵਰਣ ਦੇ ਲੋਕ ਸਾਰੇ ਭੇਦਭਾਵਾਂ ਨੂੰ ਭੁਲਾਕੇ ਪ੍ਰੇਮ ਅਤੇ ਸ਼ਾਂਤੀਪੂਰਨ ਗੁਣ ਜਿਵੇਂ ਮਨੁੱਖੀ ਕਦਰਾਂ ਕੀਮਤਾਂ ਨੂੰ ਜੀਵਨ ਵਿੱਚ ਧਾਰਨ ਕਰਦੇ ਹੈ । ਉਨ੍ਹਾਂ ਵਲੋਂ ਜਨ ਕਲਿਆਣ ਲਈ ਕੀਤੀਆਂ ਗਈਆਂ ਸੇਵਾਵਾਂ ਇੱਕ ਇਤਿਹਾਸ ਬਣਕੇ ਅੱਜ ਵੀ ਮਨੁੱਖਤਾ ਨੂੰ ਪ੍ਰੇਰਿਤ ਕਰ ਰਹੀਆਂ ਹਨ । ਬਾਬਾ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਕੇ ਸਾਰੇ ਸ਼ਰਧਾਲੂ ਭਗਤ ਹਰ ਪਲ ਉਨ੍ਹਾਂ ਦੀ ਸ਼ਿਖਿਆਵਾਂ ਨੂੰ ਯਾਦ ਕਰਦੇ ਹਨ ਅਤੇ ਉਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ।





# ਪੰਜਾਬ ਸਰਕਾਰ ਨੇ ਪਹਿਲੀ ਵਾਰ ਵਿਆਪਕ ਰਾਜ ਨਿਰਯਾਤ ਯੋਜਨਾ ਕੀਤੀ ਪੇਸ਼

**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਵਿੱਚ ਸਥਾਨਕ ਉਤਪਾਦਾਂ ਦੇ ਨਿਰਯਾਤ ਨੂੰ ਉਤਸਾਹਿਤ ਕਰਨ ਦੇ ਨਾਲ-ਨਾਲ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵੱਲੋਂ ਰਾਜ ਨਿਰਯਾਤ ਯੋਜਨਾ ਉਲੀਕੀ ਗਈ ਹੈ। ਮੁੱਖ ਸਕੱਤਰ ਵਿਨੀ ਮਹਾਜਨ ਨੇ ਦੇਸ਼ ਭਰ ਵਿੱਚ ਕਿਸੇ ਵੀ ਸੂਬੇ ਵੱਲੋਂ ਸ਼ੁਰੂ ਕੀਤੀ ਆਪਣੀ ਕਿਸਮ ਦੀ ਵਿਲੱਖਣ ਪਹਿਲ ਕਦਮੀ ਨੂੰ ਹਰੀ ਝੰਡੀ ਦਿੱਤੀ, ਜੋ ਕਿ ਹਰੇਕ ਜਲਿ ਤੋਂ ਜ਼ਿਲੇ, ਉਤਪਾਦ ਤੋਂ ਉਤਪਾਦ ਅਤੇ ਜਾਰੀ ਕਰਨ ਦੇ ਢੰਗ ਦੇ ਤੌਰ 'ਤੇ ਵੱਖਰੀ ਹੋਵੇਗੀ। ਰਾਜ ਨਿਰਯਾਤ ਯੋਜਨਾ 2021-26 ਨੂੰ ਅੰਤਿਮ ਰੂਪ ਦੇਣ ਲਈ ਸੂਬਾ ਪੱਧਰੀ ਨਿਰਯਾਤ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮਹਾਜਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਲਿਆਂ ਨੂੰ ਐਕਸਪੋਰਟ ਹੱਬ ਬਣਾਉਣ ਸਬੰਧੀ ਯੋਜਨਾ ਅਤੇ ਇੱਕ ਜਲਿਾ ਇਕ ਉਤਪਾਦ ਯੋਜਨਾ ਨੂੰ ਲਾਗੂ ਕਰਨ ਲਈ ਪੰਜਾਬ ਰਾਜ ਨਿਰਯਾਤ ਯੋਜਨਾ 2021-26 ਤਿਆਰ ਕੀਤੀ ਗਈ ਹੈ।

ਇਹ ਯੋਜਨਾ ਸੂਬੇ ਨੂੰ ਨਿਰਯਾਤ ਲਈ ਪ੍ਰਮੁੱਖ ਕੇਂਦਰ ਬਣਾਉਣ ਅਤੇ ਨਿਰਯਾਤ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਸਥਾਨਕ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਅਤੇ ਕੇਂਦਰ ਤੇ ਸੂਬੇ ਦੀਆਂ ਵੱਖ-ਵੱਖ ਯੋਜਨਾਵਾਂ ਨਾਲ ਤਾਲਮੇਲ ਬਣਾਉਣ ਦੇ ਨਾਲ ਨਾਲ ਸਪਲਾਈ ਚੇਨ ਵਿੱਚ ਕੁਸਲਤਾ ਲਿਆਵੇਗੀ ਅਤੇ ਨਿਰਯਾਤ ਢਾਂਚੇ, ਉਤਪਾਦਾਂ ਅਤੇ ਮਾਰਕਿਟ ਵਿਭਿੰਨਤਾ ਵਿੱਚ ਵਾਧਾ ਕਰੇਗੀ। ਮੁੱਖ ਸਕੱਤਰ ਨੇ ਪੰਜਾਬ ਰਾਜ ਨਿਰਯਾਤ ਯੋਜਨਾ ਤਿਆਰ ਕਰਨ ਦੀ ਪਹਿਲ ਕਦਮੀ ਦੀ ਸਲਾਘਾ ਕੀਤੀ ਅਤੇ ਉਮੀਦ ਜਤਾਈ ਕਿ ਇਸ ਨਾਲ ਸੂਬੇ ਨੂੰ ਇਹ ਫੈਸਲਾ ਲੈਣ ਵਿੱਚ ਸਹਾਇਤਾ ਮਿਲੇਗੀ ਕਿ ਕਿਹੜੇ ਮੁੱਦਿਆਂ ਨੂੰ ਪਹਿਲ ਦੇ ਅਧਾਰ 'ਤੇ ਚੁੱਕਣ ਦੀ ਲੋੜ ਹੈ ਅਤੇ ਕਿਹੜੇ ਉਪਾਅ ਤੁਰੰਤ ਲੋੜੀਂਦੇ ਹਨ।



# ਕਾਂਗਰਸ ਦੇ ਸਾਬਕਾ ਵਿਧਾਇਕ ਡਾ. ਰਿਣਵਾ ਅਕਾਲੀ ਦਲ 'ਚ ਸ਼ਾਮਲ, ਸੁਖਬੀਰ ਨੇ ਕੀਤੇ ਅਹਿਮ ਐਲਾਨ

**ਚੰਡੀਗੜ (ਦੀਪਕ ਸ਼ਰਮਾ)** ਫਾਜਲਿਕਾ ਤੋਂ ਕਾਂਗਰਸ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ, ਜਦੋਂ ਇੱਥੋਂ ਵਿਧਾਇਕ ਰਹਿ ਚੁੱਕੇ ਡਾ. ਮਹਿੰਦਰ ਰਿਣਵਾ ਅਕਾਲੀ ਦਲ 'ਚ ਸ਼ਾਮਲ ਹੋ ਗਏ। ਡਾ. ਮਹਿੰਦਰ ਸਿੰਘ ਰਿਣਵਾ ਨੇ ਆਪਣੀ ਸਮੁੱਚੀ ਟੀਮ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜਰੀ 'ਚ ਪਾਰਟੀ ਦਾ ਪੱਲਾ ਫੜਿਆ। ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਡਾ. ਰਿਣਵਾ ਦੇ ਪਾਰਟੀ 'ਚ ਆਉਣ ਨਾਲ ਪਾਰਟੀ ਨੂੰ ਫਾਜਲਿਕਾ ਜਲਿ 'ਚ ਵੱਡਾ ਬਲ ਮਿਲਿਆ ਹੈ। ਸੁਖਬੀਰ ਬਾਦਲ ਨੇ ਇਸ ਮੌਕੇ ਕਾਂਗਰਸ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਕਿਹਾਂ ਕਿ ਫਾਜਲਿਕਾ ਜਲਿ 'ਚ ਜਿਸ ਤਰਾਂ ਕਾਂਗਰਸ ਪਾਰਟੀ ਨੇ ਲੋਕਾਂ ਨੂੰ ਤੰਗ-ਪਰੇਸ਼ਾਨ ਕੀਤਾ ਹੈ ਅਤੇ ਪਾਰਟੀ ਵਰਕਰਾਂ ਨਾਲ ਵੀ ਚੰਗਾ ਵਰਤਾਓ ਨਹੀਂ ਕੀਤਾ। ਇਸ ਕਰਕੇ ਕਾਂਗਰਸ ਦੇ ਵਰਕਰ ਅਤੇ ਆਗੂ ਅਕਾਲੀ ਦਲ 'ਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਸੁਖਬੀਰ ਨੇ ਵੱਡਾ ਐਲਾਨ ਕਰਦਿਆਂ ਡਾ. ਮਹਿੰਦਰ ਰਿਣਵਾ ਨੂੰ ਪਾਰਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਉਨਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਡਾ. ਰਿਣਵਾ ਨੂੰ ਪਾਰਟੀ ਵੱਲੋਂ ਵੱਡੀ ਜੰਮਿੇਵਾਰੀ ਸੌਂਪੀ ਜਾਵੇਗੀ। ਦੱਸਣਯੋਗ ਹੈ ਕਿ ਰਿਣਵਾ 2002 'ਚ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਬਣੇ ਸਨ, ਜਦਕਿ 1992 'ਚ ਉਹ ਆਜਾਦ ਜਿੱਤੇ ਸਨ। ਇਸ ਮੌਕੇ ਸੁਖਬੀਰ ਬਾਦਲ ਨੇ ਕੈਪਟਨ ਸਰਕਾਰ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਸੂਬੇ ਅੰਦਰ ਕੋਵਿਡ ਦੀ ਬੀਮਾਰੀ ਬਹੁਤ ਜਆਿਦਾ ਵੱਧ ਗਈ ਹੈ। ਇਸ ਨੂੰ ਧਿਆਨ 'ਚ ਰੱਖਦੇ ਹੋਏ ਪਿਛਲੇ 5 ਸਾਲਾਂ ਦੌਰਾਨ ਜਿੰਨੇ ਡਾਕਟਰ ਅਤੇ ਨਰਸਾਂ ਰਿਟਾਇਰ ਹੋਏ ਹਨ, ਉਨਾਂ ਨੂੰ ਇਕ ਸਾਲ ਲਈ ਦੁਬਾਰਾ ਡਿਊਟੀ ਜੁਆਇਨ ਕਰਵਾ ਦੇਣੀ ਚਾਹੀਦੀ ਹੈ ਤਾਂ ਜੋ ਮੈਨਪਾਵਰ ਵੱਧ ਸਕੇ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਕੁੱਝ ਦਿਨਾਂ ਅੰਦਰ ਹੀ 150 ਆਕਸੀਜਨ ਕੰਸੰਟ੍ਰੇਟਰਾਂ ਦਾ ਇੰਤਜਾਮ ਕਰ ਲਿਆ ਗਿਆ ਹੈ ਤਾਂ ਪੰਜਾਬ ਸਰਕਾਰ ਲਈ ਇਸ ਨੂੰ 4-5 ਹਜਾਰ ਕਰਨਾ ਕੋਈ ਔਖਾ ਨਹੀਂ ਹੈ। ਸੁਖਬੀਰ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਜਿੰਨੇ ਵੀ ਬਲਾਕ ਪੱਧਰ 'ਤੇ ਕੋਵਿਡ ਲਈ ਕੈਪਟਨ ਸਰਕਾਰ ਵੱਲੋਂ ਸੈਂਟਰ ਬਣਾਏ ਜਾਣਗੇ, ਉਨਾਂ ਦੀ ਲੰਗਰ ਦੀ ਸੇਵਾ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਵੇਗੀ। ਸੁਖਬੀਰ ਬਾਦਲ ਨੇ ਕਿਹਾ ਕਿ ਉਹ ਵਿੱਤੀ ਤੌਰ 'ਤੇ ਵੀ ਆਪਣਾ ਯੋਗਦਾਨ ਪਾਉਣ ਲਈ ਤਿਆਰ ਹਨ ਪਰ ਸੈਂਟਰ ਸਰਕਾਰ ਨੂੰ ਹੀ ਖੋਲਣੇ ਪੈਣੇ ਅਤੇ ਡਾਕਟਰਾਂ ਅਤੇ ਨਰਸਾਂ ਦਾ ਇੰਤਜਾਮ ਕਰਨਾ ਪਵੇਗਾ।



# ਮਾਰਕੀਟ ਕਮੇਟੀ ਜਲੰਧਰ ਸ਼ਹਿਰ ਦੀਆਂ ਮੰਡੀਆਂ ਵਿੱਚ 448973 ਕੁੰਵਿਟਲ ਕਣਕ ਦੀ ਆਮਦ ਹੋਈ



**ਕਰਤਾਰਪੁਰ(ਜਸਵੰਤ ਵਰਮਾ, ਦਿਨੇਸ਼ ਕੁਮਾਰ)** ਮਾਰਕੀਟ ਕਮੇਟੀ ਜਲੰਧਰ ਦੇ ਨੋਟੀਫਾਈਡ ਏਰੀਏ ਵਿੱਚ ਪੈਂਦੇ ਖਰੀਦ ਕੇਂਦਰ ਅਤੇ ਮੰਡੀਆਂ ਵਿੱਚ ਮਿਤੀ 13 ਮਈ 2021 ਤੱਕ ਕੁੱਲ 448973 ਕੰਵਿਟਲ ਕਣਕ ਦੀ ਆਮਦ ਹੋਈ।ਜਿਸ ਦੀ ਮੁਕੰਮਲ ਖਰੀਦ ਸੰਬੰਧਿਤ ਖਰੀਦ ਏਜੰਸੀਆਂ ਵੱਲੋਂ ਕਰ ਲਈ ਗਈ ਹੈ। ਇਹ ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਖਰੀਦ ਕੀਤੀ ਕਣਕ ਵਿੱਚੋ 90 ਪ੍ਰਤੀਸ਼ਤ ਕਣਕ ਦੀ ਲਿਫਟਿੰਗ ਅਤੇ ਭੁਗਤਾਨ ਵੀ ਖਰੀਦ ਏਜੰਸੀਆਂ ਵੱਲੋਂ ਲਈ ਗਈ ਹੈ।ਇਸ ਮੌਕੇ ਮਾਰਕੀਟ ਕਮੇਟੀ ਦੇ ਵਾਈਸ ਚੇਅਰਮੈਨ ਪ੍ਰਦੀਪ ਕੁਮਾਰ ਬੱਲ,ਸੈਕਟਰੀ ਮਾਰਕੀਟ ਕਮੇਟੀ ਸੁਰਿੰਦਰ ਪਾਲ ਸ਼ਰਮਾ, ਪਰਮਿੰਦਰ ਕੌਰ ਲੇਖਾਕਾਰ,ਅਰਜੁਨ ਕੁਮਾਰ ਪੰਡਿਤ, ਬਲਮੀਤ ਸਿੰਘ, ਰਜਤ ਮੁਖੀਜਾ ਮੰਡੀ ਸੁਪਰਵਾਈਜ਼ਰ ਹਾਜਰ ਸਨ।

# ਸਕੂਲ ਅਧਿਆਪਕਾਂ ਨਾਲ ਮਤਰੇਈ ਮਾਂ ਵਰਗਾ ਵਰਤਾਓ ਬਰਦਾਸ਼ਤ ਨਹੀਂ: ਜੀਟੀਯੂ ਪੰਜਾਬ (ਵਿਗਿਆਨਿਕ )

**ਐਸ ਏ ਐਸ ਨਗਰ (ਅਮ੍ਰਿਤਪਾਲ ਸਿੰਘ ਸਫ਼ਰੀ)** ਗੌਰਮਿੰਟ ਟੀਚਰਜ਼ ਯੂਨੀਅਨ, ਪੰਜਾਬ (ਵਿਗਿਆਨਕ) ਦੀ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਹਰਜੀਤ ਸਿੰਘ ਬਸੋਤਾ ਦੀ ਅਗਵਾਈ ਵਿੱਚ ਬੁਲਾਈ ਗਈ। ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਸੂਬਾ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਦੱਸਿਆ ਕਿ ਅੱਜ ਦੀ ਇਸ ਮੀਟਿੰਗ ਵਿੱਚ ਅਧਿਆਪਕ ਮਸਲਿਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ।ਚਰਚਾ ਵਿੱਚ ਕੋਵਿਡ ਕਾਰਨ ਜੋ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਦੀ ਮੌਤ ਹੋਈ ਹੈ, ਉਹਨਾਂ ਲਈ ਸ਼ੋਕ ਮਤਾ ਪਾਇਆ ਗਿਆ ਅਤੇ ਇਹਨਾਂ ਮੁਲਾਜ਼ਮਾਂ ਨੂੰ ਕੋਰੋਨਾ ਯੋਧੇ ਘੋਸ਼ਿਤ ਕਰਦੇ ਹੋਏ ਉਨ੍ਹਾਂ ਮੁਲਾਜ਼ਮਾਂ ਦੇ ਵਾਰਸਾਂ ਨੂੰ ਤੁਰੰਤ ਮੁਆਵਜਾ ਦੇਣ ਦੀ ਮੰਗ ਰੱਖੀ ਗਈ। ਕੁਆਰਨਟਾਇਨ ਲੀਵ ਸੰਬੰਧੀ ਜੋ ਪੱਤਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ, ਉਹ ਇਕਸਾਰਤਾ ਨਾਲ ਸਾਰੇ ਵਿਭਾਗਾਂ ਵਿੱਚ ਲਾਗੂ ਕੀਤੇ ਜਾਣ। ਕਰੋਨਾ ਪੋਜੀਟਿਵ ਹੋਣ ਤੇ 14+3 = 17 ਦਿਨ ਦੀ ਕੁਆਰਨਟਾਇਨ ਲੀਵ ਸਾਰੇ ਮੁਲਾਜ਼ਮਾਂ ਨੂੰ ਦਿੱਤੀ ਜਾਵੇ। ਪੰਜਾਬ ਦੇ ਸਮੂਹ ਵਿਭਾਗਾਂ ਵਾਂਗ 50% ਹਾਜ਼ਰ ਹੋਣ ਦਾ ਰੂਲ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ 'ਤੇ ਵੀ ਲਾਗੂ ਕੀਤਾ ਜਾਵੇ।ਇਹ ਨਿਯਮ ਸਿੱਖਿਆ ਸਕੱਤਰ ਦੇ ਹੁਕਮਾਂ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਲਾਗੂ ਨਹੀਂ ਹੋ ਰਿਹਾ। ਕਿਸੇ ਜਿਲੇ ਵਿੱਚ ਕੁਝ ਰੂਲ ਹਨ ਤੇ ਕਿਸੇ ਵਿੱਚ ਕੁਝ। ਇਸ ਲਈ ਜਥੇਬੰਦੀ ਮੰਗ ਕਰਦੀ ਹੈ ਕਿ ਪੂਰੇ ਪੰਜਾਬ ਵਿੱਚ 50% ਸਟਾਫ਼ ਹਾਜ਼ਰੀ ਅਤੇ ਕਵਾਰਨਟਾਈਨ ਲੀਵ ਸੰਬੰਧੀ ਇਕਸਾਰਤਾ ਕੀਤੀ ਜਾਵੇ। ਕਲੱਸਟਰ ਹੈੱਡ ਟੀਚਰਾਂ ਨੂੰ ਵਿਭਾਗ ਵੱਲੋਂ 5 ਮਈ ਨੂੰ ਜੋ ਪੱਤਰ ਜਾਰੀ ਕੀਤਾ ਹੈ ਉਸ ਸਬੰਧੀ ਜਥੇਬੰਦੀ ਮੰਗ ਕਰਦੀ ਹੈ ਕਿ ਉਹਨਾਂ ਨੂੰ ਖੁਦਮੁਖਤਿਆਰੀ ਦੇਣੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਪੱਧਰ 'ਤੇ ਆਪਣੇ ਸਕੂਲਾਂ ਨੂੰ ਸਹੀ ਤਰਤੀਬ ਨਾਲ ਵਿਜ਼ਟ ਕਰ ਸਕਣ ਅਤੇ ਉਸਾਰੂ ਕਾਰਜ ਕਰਵਾ ਸਕਣ। ਉਹਨਾਂ ਨੂੰ ਆਪਣੀ ਪਲੈਨਿੰਗ ਬਣਾ ਕੇ ਕਾਰਜ ਕਰਨ ਦੀ ਖੁੱਲ ਹੋਣੀ ਚਾਹੀਦੀ ਹੈ। ਹੈੱਡ ਟੀਚਰਾਂ ਦੀਆਂ ਬਦਲੀਆਂ ਵਿੱਚ ਬਹੁਤੇ ਜਿਲਿਆਂ ਦੀਆਂ ਖਾਲ਼ੀ ਪੋਸਟਾਂ ਜੋ ਵਿਖਾਈਆਂ ਨਹੀਂ ਜਾ ਰਹੀਆਂ ਸਨ, ਜਾਂ ਬਦਲੀ ਉਪਰੰਤ ਅਧਿਆਪਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਇਸ ਜ਼ਿਲ੍ਹੇ ਵਿਚ ਪੋਸਟ ਖਾਲੀ ਨਹੀਂ ਹੈ, ਇਸ ਕਰਕੇ ਤੁਸੀਂ ਜੁਆਇੰਨ ਨਹੀ ਹੋ ਸਕਦੇ ਪਰ ਹੁਣ ਉਹ ਸਟੇਸ਼ਨ ਹੈੱਡ ਟੀਚਰਾਂ ਦੀ ਸਿੱਧੀ ਭਰਤੀ ਵਿੱਚ ਵਿਖਾਈਆਂ ਜਾ ਰਹੀਆਂ ਹਨ। ਇਸ ਦੀ ਜਾਂਚ ਕਰਵਾਈ ਜਾਵੇ।ਜੰਥੇਬੰਦੀ ਮੰਗ ਕਰਦੀ ਹੈ ਜਿੰਨਾ ਸਟੇਸ਼ਨਾਂ ਉਪਰ ਅਧਿਆਪਕਾਂ ਦੀ ਬਦਲੀ ਹੋ ਚੁੱਕੀ ਹੈ,ਪਰ ਬਦਲੀਆਂ ਉਪਰ ਰੋਕ ਹੋਣ ਕਾਰਣ ਅਧਿਆਪਕਾਂ ਨੇ ਅਜੇ ਜੁਆਇੰਨ ਨਹੀਂ ਕੀਤਾ, ਹੈੱਡ ਟੀਚਰਾਂ ਦੀ ਸਿੱਧੀ ਭਰਤੀ ਵਿੱਚ ਉਹ ਸਟੇਸ਼ਨ ਨਾ ਦਿੱਤੇ ਜਾਣ। ਮਿਡਲ ਸਕੂਲਾਂ ਵਿੱਚ ਸਾਰੇ ਵਿਸ਼ਿਆਂ ਦੀਆਂ ਪੋਸਟਾਂ ਦਿੱਤੀਆਂ/ਭਰੀਆਂ ਜਾਣ ਅਤੇ ਪ੍ਰਾਇਮਰੀ ਸਕੂਲ ਵਿਚ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨੂੰ ਵਿੱਚ ਗਿਣ ਕੇ ਹੈੱਡ ਟੀਚਰ ਦੀ ਪੋਸਟ ਦਿੱਤੀ ਜਾਵੇ ਅਤੇ ਪ੍ਰੀ ਪ੍ਰਾਇਮਰੀ ਬੱਚਿਆਂ ਲਈ ਇਕ ਹੈਲਪਰ ਦੀ ਪੋਸਟ ਜਰੂਰ ਦਿੱਤੀ ਜਾਵੇ। ਦਾਖ਼ਲਾ ਵਧਾਉਣ ਦੇ ਨਾਮ ਉੱਤੇ ਅਧਿਆਪਕਾਂ ਨੂੰ ਬੇਵਜ੍ਹਾ ਪਰੇਸ਼ਾਨ ਨਾ ਕੀਤਾ ਜਾਵੇ। ਇਸ ਮੌਕੇ ਕੰਵਲਜੀਤ ਸੰਗੋਵਾਲ, ਨਵਪ੍ਰੀਤ ਬੱਲੀ, ਬਿਕਰਮਜੀਤ ਸਿੰਘ ਸ਼ਾਹ, ਜਤਿੰਦਰ ਸੋਨੀ, ਜਰਨੈਲ ਮਿੱਠੇਵਾਲ, ਪ੍ਰਗਟ ਸਿੰਘ ਜੰਬਰ, ਸੋਮ ਸਿੰਘ ਗੁਰਦਾਸਪੁਰ, ਜਗਦੀਪ ਸਿੰਘ ਜੌਹਲ, ਗੁਰਜੀਤ ਸਿੰਘ ਮੋਹਾਲੀ, ਸੁੱਚਾ ਸਿੰਘ ਚਾਹਲ, ਬਲਬੀਰ ਸੰਗਰੂਰ, ਜਰਨੈਲ ਜੰਡਾਲੀ, ਰਘਬੀਰ ਬੱਲ, ਤਰਸੇਮ ਪਠਲਾਵਾਂ, ਅਸ਼ਵਨੀ ਸ਼ਰਮਾ, ਪ੍ਰੇਮ ਕੁਮਾਰ ਲੁਧਿਆਣਾ, ਅਮਰਜੀਤ ਕੁਮਾਰ ਆਦਿ ਆਗੂ ਸ਼ਾਮਿਲ ਸਨ।

